ਸਾਡੀ ਵਰਤਮਾਨ ਦਸ਼ਾ

ਰਘਬੀਰ ਸਿੰਘ ਬੀਰ

ਪਹਿਲੀ ਵਾਰ : 1962
ਦੂਜੀ ਵਾਰ : 1965
ਤੀਜੀ ਵਾਰ : 1970
ਚੌਥੀ ਵਾਰ : 2002

Rs. 25/-
Rs 50 -

ਪ੍ਰਕਾਸ਼ਕ :
ਆਤਮ ਸਾਇੰਸ ਟਰੱਸਟ
ਨਵੀਂ ਦਿੱਲੀ

ਪ੍ਰਿੰਟਰ :
ਨੈਸ਼ਨਲ ਬੁਕ ਸ਼ਾਪ
32-ਬੀ, ਪਲੱਈਅਰ ਗਾਰਡਨ ਮਾਰਕੀਟ,
ਚਾਂਦਨੀ ਚੌਕ, ਦਿੱਲੀ-110006
ਫੋਨ : 327 8392

ਤਤਕਰਾ

ਸਾਡੇ ਗੁਰੂ ਗ੍ਰੰਥ ਸਾਹਿਬ ਜੀ

ਅਗਰ ਕਿਸੇ ਦੋਸਤ ਦੇ ਗਲ ਵਿਚ ਹਾਰ ਤਾਂ ਪਾਈਏ, ਉਸ ਨੂੰ ਪੱਖੇ ਝਲੀਏ, ਉਸ ਦੇ ਚਰਨਾਂ ਤੇ ਮੱਥੇ ਟੇਕੀਏ, ਪਰ ਉਸ ਦੀ ਗੱਲ ਨਾ ਮੰਨੀਏ, ਉਸ ਦੇ ਕਹਿਣ ਦੀ ਪ੍ਰਵਾਹ ਨਾ ਕਰੀਏ ਤਾਂ ਉਸ ਦੋਸਤ ਦਾ ਸਾਡੇ ਬਾਰੇ ਕੀ ਖਿਆਲ ਹੋਵੇਗਾ ? ਅਗਰ ਕੋਈ ਮਿੱਤ੍ਰ ਸਾਨੂੰ ਕੁਝ ਚੀਜ਼ਾਂ ਭੇਜਣ ਵਾਸਤੇ ਲਿਖੇ ਅਤੇ ਅਸੀਂ ਉਸ ਨੂੰ ਉਹ ਚੀਜ਼ਾਂ ਤਾਂ ਭੇਜੀਏ ਨਾ, ਪਰ ਉਸ ਦੀ ਚਿੱਠੀ ਨੂੰ ਘੁਟ ਘੁਟ ਗਲ ਨਾਲ ਲਾਈਏ, ਰੁਮਾਲਾਂ ਵਿਚ ਲਪੇਟ-ਲਪੇਟ ਰਖੀਏ ਤਾਂ ਉਸ ਮਿੱਤਰ ਦੀ ਸਾਡੇ ਬਾਰੇ ਕੀ ਰਾਏ ਹੋਵੇਗੀ ?

ਗੁਰਬਾਣੀ ਸਬੰਧੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅੰਤਮ ਫੈਸਲੇ ਅਨੁਸਾਰ:

'ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ।
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।
ਗੁਰੂ ਗ੍ਰੰਥ ਜੀ ਮਾਨੀਓ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮੇ ਲੇਹ।'

ਸਿਖਾਂ ਵਿਚ ਆਤਮਕ ਰਹਿਨੁਮਾਈ ਦਾ, ਜੀਵਨ ਭੇਤ ਨੂੰ ਸਮਝਣ ਦਾ, ਪਰਮ ਪਦ ਨੂੰ ਪ੍ਰਾਪਤ ਕਰਨ ਦਾ ਵਸੀਲਾ, ਦੀਨ

ਦੁਨੀਆਂ ਦੀ ਟੇਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ।

ਗੁਰੂ ਗ੍ਰੰਥ ਜੀ ਦੀ ਜ਼ਾਹਿਰਾ ਤੌਰ ਉਤੇ ਸਿਖਾਂ ਨੂੰ ਇਜ਼ਤ ਕਰਦਿਆਂ ਜੇਕਰ ਦੇਖਿਆ ਜਾਵੇ, ਤਾਂ ਯਕੀਨ ਹੋ ਜਾਂਦਾ ਹੈ ਕਿ ਸਿਖਾਂ ਵਿਚ ਗੁਰੂ ਗ੍ਰੰਥ ਜੀ ਦਾ ਰੁਤਬਾ ਸਚੀ-ਮੁਚੀ ਉਹੋ ਹੈ , ਜਿਹੜਾ ਕਿ ਗੁਰੂ ਦੇ ਬਚਨ, ਗੁਰੂ-ਬਾਣੀ ਜਾਂ ਗੁਰ-ਉਪਦੇਸ਼ ਦਾ ਹੋਣਾ ਚਾਹੀਦਾ ਹੈ। ਰੇਸ਼ਮੀ, ਮਖਮਲੀ ਤੇ ਅਤਲਸੀ ਰੁਮਾਲਾਂ ਵਿਚ ਲਪੇਟਣਾ, ਫੁਲਾਂ ਨਾਲ ਸਜਾਣਾ, ਇਕ ਜਗ੍ਹਾ ਤੋਂ ਦੂਸਰੀ ਜਗ੍ਹਾ ਸਿਰ ਤੇ ਚੁਕ ਕੇ ਲੈ ਜਾਣਾ, ਲੈ ਜਾਣ ਸਮੇਂ ਅੜਦਲ ਵਿਚ ਸਿਖਾਂ ਦਾ ਨੰਗੇ ਪੈਰੀਂ ਤੁਰਨਾ, ਚੌਰ ਝੁਲੌਣੇ, ਮੱਥੇ ਟੇਕਣੇ, ਹਜ਼ੂਰੀ ਵਿਚ ਖਲੋ ਕੇ ਅਰਦਾਸਾਂ ਕਰਨੀਆਂ, ਸਭ ਕੁਝ ਜ਼ਾਹਿਰ ਕਰਦਾ ਹੈ ਕਿ ਸਿਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਿਆਈ ਸਬੰਧੀ ਆਖਰੀ ਫੈਸਲੇ ਉਤੇ ਖੂਬ ਫੁਲ ਚੜ੍ਹਾਏ ਹਨ।

ਪਰ ਏਸ ਸਾਰੀ ਜ਼ਾਹਿਰਾ ਇਜ਼ਤ ਦੀ ਤਹਿ ਵਿਚ ਧਿਆਨ ਨਾਲ ਦੇਖਿਆਂ ਸਾਨੂੰ ਪਤਾ ਲਗਦਾ ਹੈ ਕਿ ਇਹ ਸਭ ਕੁਝ ਸੌ ਵਿਚੋਂ ਪਚਾਨਵੇਂ ਸਿਖ ਇਕ ਰਸਮ ਕਰ ਕੇ ਕਰੀ ਜਾਂਦੇ ਹਨ ਅਤੇ ਉਹਨਾਂ ਨੂੰ ਗੁਰੂ ਗ੍ਰੰਥ ਵਿਚ ਦਸੀ ਆਤਮਕ ਸਚਾਈ, ਆਤਮਕ ਅਸੂਲਾਂ, ਆਤਮਕ ਜੀਵਨ ਦੀ ਕੁਝ ਖਬਰ ਨਹੀਂ।

ਆਮ ਸਿਖ ਗੁਰੂ ਗ੍ਰੰਥ ਜੀ ਉਤੋਂ ਰੁਮਾਲ ਲਾਹ ਕੇ ਉਸ ਵਿਚ ਦੱਸੀ ਜੀਵਨ ਜਾਚ ਨੂੰ ਸਮਝਣ ਦੀ ਖੇਚਲ ਹੀ ਨਹੀਂ ਕਰਦੇ। ਸਿਖਾਂ ਦੇ ਆਮ ਗ੍ਰੰਥੀ, ਪ੍ਰਚਾਰਕ ਤੇ ਰਾਗੀ ਗੁਰੂ ਗ੍ਰੰਥ ਸਾਹਿਬ

ਦੇ ਨਜ਼ਦੀਕ ਰਹਿੰਦਿਆਂ ਹੋਇਆਂ ਵੀ ਆਪਣੇ ਅਮਲੀ ਜੀਵਨ ਵਿਚ ਉਸ ਤੋਂ ਪੂਰੀ ਨਾਵਾਕਫੀ ਸਾਬਤ ਕਰਦੇ ਹਨ। ਸਿਖਾਂ ਦੀ ਭਾਰੀ ਬਹੁਗਿਣਤੀ ਦੀ ਜ਼ਿੰਦਗੀ ਉਸ ਤਰ੍ਹਾਂ ਦੀ ਨਹੀਂ, ਜਿਵੇਂ ਗੁਰੂ ਗ੍ਰੰਥ ਸਾਹਿਬ ਵਿਚ ਸਿਖ-ਜੀਵਨ ਦਾ ਜ਼ਿਕਰ ਹੈ। ਸਿਖ ਉਸ ਤਰ੍ਹਾਂ ਜੀਵਨ ਬਤੀਤ ਨਹੀਂ ਕਰਦੇ, ਜਿਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀਵਨ ਬਤੀਤ ਕਰਨ ਵਾਸਤੇ ਪ੍ਰੇਰਦੇ ਹਨ, ਸਿਖ ਉਸ ਤਰ੍ਹਾਂ ਨਹੀਂ ਤੱਕਦੇ, ਜਿਵੇਂ ਗੁਰੂ ਗ੍ਰੰਥ ਜੀ ਨਾਲ ਪਿਆਰ ਕਰਨ ਵਾਲੇ ਨੂੰ ਤੱਕਣਾ ਚਾਹੀਦਾ ਹੈ, ਸਿਖਾਂ ਦੇ ਦਿਲ ਵਿਚ ਉਸ ਤਰ੍ਹਾਂ ਦੀ ਹਰਕਤ ਨਹੀਂ ਹੁੰਦੀ, ਜਿਵੇਂ ਰੱਬ ਦੇ ਪਿਆਰੇ, ਸੱਚ ਦੇ ਆਸ਼ਕ, ਗੁਰਮੁਖ ਦੇ ਦਿਲ ਵਿਚ ਹੋਣੀ ਚਾਹੀਦੀ ਹੈ।

ਸਾਡੀ ਰਾਇ ਵਿਚ ਉਤੋਂ ਗੁਰੂ ਗ੍ਰੰਥ ਸਾਹਿਬ ਦੀ ਇਤਨੀ ਇਜ਼ਤ ਤੇ ਵਿਚੋਂ ਉਸ ਦੇ ਉਪਦੇਸ਼ਾਂ ਤੋਂ ਇਤਨੀ ਬੇ-ਪ੍ਰਵਾਹੀ ਸਿਖ ਕੌਮ ਦੀ ਮੌਜੂਦਾ ਗਿਰਾਵਟ ਦਾ ਸਭ ਤੋਂ ਵਡਾ ਕਾਰਨ ਹੈ।

ਆਮ ਸਿਖਾਂ ਦੀਆਂ ਅਜਕਲ ਦੋ ਜ਼ਿੰਦਗੀਆਂ ਹਨ, ਇਕ ਜ਼ਾਹਿਰਾ, ਦੂਜੀ ਅਸਲੀ। ਜ਼ਾਹਿਰਾ ਜ਼ਿੰਦਗੀ ਵਿਚ ਉਹ ਪੰਜ ਕਕਾਰ ਧਾਰਨ ਕਰਦਾ ਹੈ, ਦਾੜ੍ਹੀ ਲੰਬੀ ਰਖਦਾ ਹੈ, ਗੁਰੂ ਗ੍ਰੰਥ ਜੀ ਅਗੇ ਮੱਥੇ ਟੇਕਦਾ ਤੇ ਅਰਦਾਸਾਂ ਕਰਦਾ ਹੈ, ਆਪਣੇ ਆਪ ਨੂੰ ਸਿਖ ਆਖਦਾ ਤੇ ਅਖਵਾਂਦਾ ਹੈ, ਪਰ ਉਸ ਦੀ ਅੰਦਰੂਨੀ ਤੇ ਅਸਲੀ ਜ਼ਿੰਦਗੀ ਉਤੇ ਏਸ ਬਾਹਰ ਦੀ ਕ੍ਰਿਆ ਦਾ ਕੋਈ ਅਸਰ ਨਹੀਂ ਹੁੰਦਾ। ਉਸ ਦੀ ਬਾਹਰਲੀ ਤੇ ਅੰਦਰਲੀ ਜ਼ਿੰਦਗੀ ਦਾ

ਆਪਸ ਵਿਚ ਕੋਈ ਸਬੰਧ ਨਹੀਂ ਹੁੰਦਾ।

ਗੁਰੂ ਗੋਬਿੰਦ ਸਿੰਘ ਜੀ ਦਾ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਦਾ ਇਹ ਭਾਵ ਤਾਂ ਹਰਗਿਜ਼ ਨਹੀਂ ਸੀ ਕਿ ਸਿਖ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਨੂੰ ਰੁਮਾਲਾਂ ਤੇ ਫੁੱਲਾਂ ਹੇਠ ਲੁਕਾ ਕੇ ਇਸ ਦੀ ਉਸ ਤਰ੍ਹਾਂ ਦੀ ਪੂਜਾ ਸ਼ੁਰੂ ਕਰ ਦੇਣ, ਜਿਸ ਤਰ੍ਹਾਂ ਠਾਕਰਾਂ ਦੀ ਪੂਜਾ, ਪੂਜਾ ਦੇ ਖਾਸ ਸਮੇਂ ਉਤੇ ਇਕ ਬੁਤ-ਪ੍ਰਸਤ ਹਿੰਦੂ ਕਰਦਾ ਹੈ ਅਤੇ ਉਸ ਪੂਜਾ ਤੋਂ ਮਗਰੋਂ ਠਾਕਰਾਂ ਦਾ ਆਪਣੀ ਜ਼ਿੰਦਗੀ, ਕਾਰੋਬਾਰ ਤੇ ਰਹਿਣੀ-ਬਹਿਣੀ ਨਾਲ ਕੋਈ ਵਾਸਤਾ ਨਹੀਂ ਸਮਝਦਾ ।

ਗੁਰੂ ਗੋਬਿੰਦ ਸਿੰਘ ਜੀ ਅਣਖੀ ਗੁਰੂ ਸਨ। ਖੁਸ਼ਾਮਦ, ਚਾਪਲੂਸੀ ਤੇ ਜ਼ਾਹਿਰਦਾਰੀ ਨੂੰ ਬੁਰਾ ਸਮਝਦੇ ਸਨ। ਉਹਨਾਂ ਨੇ ਜੈਸੀ ਅਮਲੀ ਇਜ਼ਤ ਆਪਣੀ ਜ਼ਿੰਦਗੀ ਵਿਚ ਆਪ ਕਰਵਾਈ, ਉਸੇ ਤਰ੍ਹਾਂ ਦੀ ਅਮਲੀ ਇਜ਼ਤ ਹੀ ਆਪਣੇ ਬਾਅਦ ਗੁਰੂ ਗ੍ਰੰਥ ਸਾਹਿਬ ਦੀ ਕਰਾਣੀ ਚਾਹੁੰਦੇ ਸਨ। ਗੁਰੂ ਦੇ ਹੁਕਮ, ਗੁਰੂ ਬਚਨ, ਗੁਰੂ ਦੀ ਇਛਿਆ, ਗੁਰੂ ਦੇ ਉਪਦੇਸ਼ਾਂ ਦੀ ਸਿਰਫ ਜ਼ਾਹਿਰਾ ਤੌਰ ਤੇ ਪੂਜਾ ਕਰਨੀ ਅਤੇ ਉਸ ਦੀ ਸਿਖਿਆ ਨੂੰ, ਉਸ ਦੇ ਹੁਕਮ ਨੂੰ, ਉਸ ਦੇ ਉਪਦੇਸ਼ ਨੂੰ, ਆਪਣੇ ਜੀਵਨ ਵਿਚ ਨਾ ਘਟਾਣਾ, ਅਮਲ ਵਿਚ ਨਾ ਲਿਆਣਾ, ਗੁਰੂ ਨਾਲ ਬੇ-ਇਨਸਾਫੀ ਕਰਨੀ, ਪ੍ਰੇਮ ਨੂੰ ਮਖੌਲ ਕਰਨਾ ਤੇ ਗੁਰਸਿਖੀ ਦੇ ਸ਼ਾਨਦਾਰ ਇਤਿਹਾਸ ਨੂੰ ਸ਼ਰਮਿੰਦਿਆਂ ਕਰਨਾ ਹੈ। ਗੁਰੂ ਗੋਬਿੰਦ ਸਿੰਘ ਜੀ, ਕਲਗੀਆਂ

ਵਾਲੇ ਪਾਤਸ਼ਾਹ, ਧਰਮ ਤੇ ਕੁਰਬਾਨੀ ਦੇ ਪੁੰਜ ਸਤਿਗੁਰੂ, ਸਾਡੇ ਇਸ ਤਰ੍ਹਾਂ ਦੇ ਸਲੂਕ ਦੇ ਯੋਗ ਨਹੀਂ। ਐ ਗੁਰੂ ਕੇ ਸਿਖ ! ਅੱਖਾਂ ਖੋਲ੍ਹ ਤੇ ਦੇਖ ਕਿ ਤੂੰ ਕੀ ਕਰ ਰਿਹਾ ਹੈਂ ?

'ਸੇਵਕ ਸਿਖ ਪੂਜਣ ਸਭਿ ਆਵਹਿ
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ।
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ।'

ਸਾਡੇ ਗ੍ਰੰਥੀ

ਸਿਖ ਸੁਸਾਇਟੀ ਵਿਚ 'ਗ੍ਰੰਥੀ' ਦੀ ਪਦਵੀ ਸ਼ਾਇਦ ਹੋਰ ਸਭ ਅਹੁਦਿਆਂ ਜਾਂ ਪੋਸਟਾਂ ਨਾਲੋਂ ਉਚੀ, ਪਵਿਤ੍ਰ ਅਤੇ ਵਧੇਰੇ ਜ਼ਿੰਮੇਵਾਰੀ ਦੀ ਹੈ। ਗੁਰਦੁਆਰਾ ਸਿਖਾਂ ਵਿਚ ਜਿਥੇ ਸਭ ਤੋਂ ਵਧ ਪਵਿਤ੍ਰ ਅਸਥਾਨ ਗਿਣਿਆ ਜਾਂਦਾ ਹੈ, ਉਥੇ ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਦੇ ਸੇਵਕ 'ਗ੍ਰੰਥੀ' ਦੀ ਸਭ ਤੋਂ ਪਵਿਤ੍ਰ ਪਦਵੀ ਸਮਝੀ ਜਾਂਦੀ ਹੈ। ਗੁਰਦੁਆਰੇ ਵਿਚ ਅਕਾਲ ਪੁਰਖ ਦੀ ਸਾਇੰਸ ਦਾ, ਬ੍ਰਹਮ ਵਿਦਿਆ ਦਾ, ਗੁਰੂ ਨਾਨਕ ਸਾਹਿਬ ਅਤੇ ਹੋਰ ਗੁਰੂਆਂ ਦੇ ਦੱਸੇ ਤਰੀਕੇ ਅਨੁਸਾਰ ਪ੍ਰਚਾਰ ਹੁੰਦਾ ਹੈ ਅਤੇ ਗੁਰਦੁਆਰੇ ਵਿਚ ਹਰ ਕਿਸਮ ਦਾ ਪੁਰਸ਼ ਆ ਕੇ ਵਾਹਿਗੁਰੂ ਦਾ ਜਸ ਸੁਣਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਸਮਝਣ ਦਾ ਅਧਿਕਾਰ ਰਖਦਾ ਹੈ। ਗੁਰਦੁਆਰੇ ਦਾ 'ਗ੍ਰੰਥੀ' ਐਸਾ ਮਹਾਂਪੁਰਸ਼ ਹੋਣਾ ਚਾਹੀਦਾ ਹੈ, ਜਿਹੜਾ ਗੁਰਦੁਆਰੇ ਵਿਚ ਆਏ ਹਰ ਕਿਸਮ ਦੇ ਪ੍ਰਾਣੀ ਨੂੰ ਉਸ ਦੀ ਆਤਮਕ ਅਵਸਥਾ ਅਨੁਸਾਰ ਸ਼ਾਂਤੀ ਦੇ ਸਕੇ ਅਤੇ ਉਸ ਦੀ ਅਗਵਾਈ ਕਰ ਸਕੇ। ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਤੋਂ ਦੂਸਰੇ ਦਰਜੇ ਦੀ ਅਗਰ ਕੋਈ ਜ਼ਰੂਰੀ ਅਤੇ ਪਵਿਤ੍ਰ ਚੀਜ਼ ਹੈ, ਤਾਂ ਉਹ ਗੁਰੂ ਗ੍ਰੰਥ ਸਾਹਿਬ ਦਾ ਸੇਵਕ ਤੇ ਪ੍ਰਚਾਰਕ 'ਗ੍ਰੰਥੀ' ਹੈ। ਗ੍ਰੰਥੀ ਦੇ ਨਿਜੀ ਜੀਵਨ, ਵਿਦਵਤਾ ਅਤੇ

ਗੁਣਾਂ ਉਤੇ ਗੁਰੂ ਗ੍ਰੰਥ ਸਾਹਿਬ ਦੀ ਸਿਖਸ਼ਾ ਦੀ ਸਫਲਤਾ ਕਾਫੀ ਹਦ ਤਕ ਨਿਰਭਰ ਹੈ। ਗੁਰਦੁਆਰੇ ਦੇ ਗ੍ਰੰਥੀ ਦੇ ਜੀਵਨ ਦਾ ਗੁਰਦੁਆਰੇ ਵਿਚ ਆਉਣ ਵਾਲੀ ਸੰਗਤ ਉਤੇ ਬੜਾ ਪ੍ਰਭਾਵ ਪੈਂਦਾ ਹੈ। ਸਿਖ ਕੌਮ ਦੇ ਸਾਰੇ ਗ੍ਰੰਥੀਆਂ ਤੇ ਪ੍ਰਚਾਰਕਾਂ ਦੇ ਜੀਵਨ ਦਾ ਪ੍ਰਭਾਵ ਸਾਰੀ ਸਿਖ ਕੌਮ ਤੇ ਪੈਣਾ ਜ਼ਰੂਰੀ ਹੈ, ਕਿਉਂਕਿ ਉਹ ਕਿਹੜਾ ਸਿਖ ਹੈ, ਜਿਹੜਾ ਕਦੀ ਗੁਰਦੁਆਰੇ ਵਿਖੇ ਨਾ ਜਾਂਦਾ ਹੋਵੇ ਅਤੇ ਉਥੇ ਗ੍ਰੰਥੀ ਜਾਂ ਪ੍ਰਚਾਰਕ ਦੇ ਮੂੰਹੋਂ ਗੁਰੂ ਘਰ ਸਬੰਧੀ ਕੋਈ ਉਪਦੇਸ਼ ਨਾ ਸੁਣਦਾ ਹੋਵੇ। ਸੰਗਰਾਂਦਾਂ, ਗੁਰਪੁਰਬਾਂ, ਕਾਨਫਰੰਸਾਂ ਅਤੇ ਦੀਵਾਨਾਂ ਆਦਿ ਦੇ ਸਮੇਂ ਸਿਖਾਂ ਦਾ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਕੱਠਿਆਂ ਹੋਣਾ ਅਤੇ ਉਥੇ ਗ੍ਰੰਥੀਆਂ ਜਾਂ ਗੁਰੂ ਘਰ ਦੇ ਪ੍ਰਚਾਰਕਾਂ ਦੇ ਅਸਰ ਹੇਠ ਆਉਣਾ ਸਿਖ-ਜੀਵਨ ਵਿਚ ਇਤਨੀ ਸਾਧਾਰਨ ਤੇ ਜ਼ਰੂਰੀ ਘਟਨਾ ਹੈ ਕਿ ਇਸ ਨੂੰ ਸਿਧ ਕਰਨ ਦੀ ਜ਼ਰੂਰਤ ਨਹੀਂ।

ਪਰ ਸਿਖ ਕੌਮ ਵਿਚ 'ਗ੍ਰੰਥੀ' ਦੀ ਪਦਵੀ ਇਸ ਵੇਲੇ ਡਾਹਡੀ ਅਧੋਗਤੀ ਦੀ ਹਾਲਤ ਨੂੰ ਪਹੁੰਚ ਗਈ ਹੈ। ਸਿਖਾਂ ਦੇ ਰਾਜਨੀਤਕ ਅਗੂਆਂ ਨੇ ਜਾਣਦਿਆਂ ਜਾਂ ਨਾ ਜਾਣਦਿਆਂ ਜਿਤਨਾ ਹੱਕ ਸਿਖ 'ਗ੍ਰੰਥੀ' ਜਾਂ ਪ੍ਰਚਾਰਕ ਦਾ ਮਾਰਿਆ ਹੈ, ਉਤਨਾ ਹੋਰ ਕਿਸੇ ਦਾ ਨਹੀਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਹੰਤਾਂ ਦੇ ਵੇਲੇ ਗੁਰਦੁਆਰਿਆਂ ਵਿਚ ਬੜੇ ਅਤਿਆਚਾਰ ਹੁੰਦੇ ਸਨ, ਪਰ ਮਹੰਤਾਂ ਪਾਸੋਂ ਗੁਰਦੁਆਰਿਆਂ ਦਾ ਪ੍ਰਬੰਧ ਅਤੇ ਰੁਪਿਆ ਰਾਜਨੀਤਕ ਲੀਡਰਾਂ ਦੇ ਹੱਥਾਂ ਵਿਚ ਆ ਜਾਣ ਨਾਲ ਕੌਮ ਦਾ ਧਾਰਮਕ

ਦ੍ਰਿਸ਼ਟੀਕੋਣ ਤੋਂ ਕੁਝ ਬਹੁਤਾ ਸੌਰਿਆ ਨਹੀਂ। ਮਹੰਤ ਗੁਰਦੁਆਰਿਆਂ ਦਾ ਰੁਪਿਆ ਐਸ਼ ਪ੍ਰਸਤੀ ਵਿਚ ਜ਼ਾਇਆ ਕਰਦੇ ਸਨ ਅਤੇ ਰਾਜਨੀਤਕ ਲੀਡਰ ਉਹ ਰੁਪਿਆ ਪਾਰਟੀ ਪ੍ਰਾਪੇਗੰਡਾ ਵਿਚ ਜ਼ਾਇਆ ਕਰਦੇ ਹਨ। ਭਾਵੇਂ ਅਸੀਂ ਇਹ ਤਾਂ ਕਦੀ ਨਹੀਂ ਚਾਹੁੰਦੇ ਕਿ ਗੁਰਦੁਆਰਿਆਂ ਦਾ ਪ੍ਰਬੰਧ ਅਤੇ ਰੁਪਿਆ ਫੇਰ ਮਹੰਤਾਂ ਦੇ ਹੱਥ ਵਿਚ ਚਲਿਆ ਜਾਵੇ, ਐਪਰ ਇਹ ਜ਼ਰੂਰ ਚਾਹੁੰਦੇ ਹਾਂ ਕਿ ਗੁਰਦੁਆਰਿਆਂ ਦਾ ਰੁਪਿਆ ਧਾਰਮਕ ਰੁਚੀਆਂ ਵਾਲੇ ਅਤੇ ਤਿਆਗੀ ਬਿਰਤੀਆਂ ਵਾਲੇ ਗੁਰਮੁਖਾਂ ਦੇ ਹੱਥਾਂ ਵਿਚ ਜ਼ਰੂਰ ਹੋਣਾ ਚਾਹੀਦਾ ਹੈ। ਰਾਜਨੀਤਕ ਲੀਡਰਾਂ ਨੇ ਸਿਖ ਜਨਤਾ ਵਿਚ ਆਪਣਾ ਰਸੂਖ ਵਧਾਉਣ ਦੀ ਖਾਤਰ 'ਗ੍ਰੰਥੀ' ਜਾਂ 'ਪ੍ਰਚਾਰਕ' ਨੂੰ ਆਪਣਾ ਨੌਕਰ ਜਾਂ ਗੁਲਾਮ ਬਣਨ ਉਤੇ ਮਜਬੂਰ ਕਰ ਦਿਤਾ ਹੈ। ਇਸ ਦਾ ਨਤੀਜਾ ਇਹ ਹੋਇਆ ਹੈ ਕਿ ਸਿਖਾਂ ਵਿਚ ਗ੍ਰੰਥੀ ਜਾਂ ਪ੍ਰਚਾਰਕ ਦੀ ਸੇਵਾ ਇਕ ਬੜਾ ਜ਼ਲੀਲ ਤੇ ਘਟੀਆ ਪੇਸ਼ਾ ਗਿਣਿਆ ਜਾਣ ਲਗ ਪਿਆ ਹੈ, ਕਿਉਂਕਿ 'ਗ੍ਰੰਥੀ' ਬਣਨ ਵਾਸਤੇ ਕੋਈ ਯੋਗ ਆਦਮੀ ਤਿਆਰ ਨਹੀਂ ਹੁੰਦਾ, ਇਸ ਲਈ ਇਹ ਪੋਸਟ ਆਮ ਤੌਰ ਤੇ ਬੇ-ਅਣਖੇ ਤੇ ਬੇ-ਜ਼ਮੀਰੇ ਤੇ ਅਯੋਗ ਆਦਮੀਆਂ ਨੂੰ ਮਿਲਣ ਲਗ ਪਈ ਹੈ। ਰਾਜਨੀਤਕ ਲੀਡਰ, ਗੁਰਦੁਆਰਿਆਂ ਵਿਚ ਘਟੀਆ, ਬੇ-ਇਲਮ ਤੇ ਅਯੋਗ ਆਦਮੀਆਂ ਨੂੰ 'ਗ੍ਰੰਥੀ' ਜਿਹੀ ਉਚੀ ਪਦਵੀ ਉਤੇ ਦੇਖ ਕੇ ਇਸ ਲਈ ਚੁਪ ਹਨ ਕਿ 'ਗ੍ਰੰਥੀ' ਦੀ ਸਿਖ ਸੁਸਾਇਟੀ ਵਿਚ ਮਹੱਤਤਾ ਦੇ ਘਟਣ ਵਿਚ ਉਨ੍ਹਾਂ ਨੂੰ ਆਪਣੀ ਮਹੱਤਤਾ ਵਧਾਣ ਦਾ ਮੌਕਾ ਮਿਲਦਾ ਹੈ, ਪਰ ਉਹ

ਮੂਰਖ ਇਹ ਨਹੀਂ ਜਾਣਦੇ ਕਿ ਘਟੀਆ ਦਰਜੇ ਦੇ ਗ੍ਰੰਥੀ ਸਾਰੀ ਸਿਖ ਕੌਮ ਨੂੰ ਧਾਰਮਕ ਅਤੇ ਆਤਮਕ ਦ੍ਰਿਸ਼ਟੀਕੋਣ ਤੋਂ, ਗ਼ਰੀਬ ਅਤੇ ਕੰਗਾਲ ਬਣਾ ਰਹੇ ਹਨ। ਰਾਜਨੀਤਕ ਲੀਡਰਾਂ ਨੂੰ ਇਹ ਵੀ ਪਤਾ ਨਹੀਂ ਕਿ ਸਿਖ ਕੌਮ ਵਿਚ ਇਸ ਵੇਲੇ ਜੋ ਮਾਦਾ-ਪ੍ਰਸਤੀ ਅਤੇ ਨਾਸਤਕਤਾ ਦੀਆਂ ਲਹਿਰਾਂ ਜ਼ੋਰ ਪਕੜ ਰਹੀਆਂ ਹਨ, ਉਨ੍ਹਾਂ ਦਾ ਵਡਾ ਕਾਰਨ ਸਿਖਾਂ ਵਿਚ ਯੋਗ ਗ੍ਰੰਥੀਆਂ ਅਤੇ ਪ੍ਰਚਾਰਕਾਂ ਦਾ ਨਾ ਹੋਣਾ ਹੈ। ਰਾਜਨੀਤਕ ਲੀਡਰਾਂ ਨੂੰ ਇਹ ਵੀ ਪਤਾ ਨਹੀਂ ਕਿ ਜੇਕਰ ਸਿਖ ਕੌਮ ਵਿਚੋਂ ਯੋਗ ਗ੍ਰੰਥੀ ਅਤੇ ਧਾਰਮਕ ਪ੍ਰਚਾਰਕ ਹੁਣ ਦੀ ਤਰ੍ਹਾਂ ਗੁੰਮ ਹੁੰਦੇ ਰਹੇ ਤਾਂ ਸਿਖ ਗੁਰਦੁਆਰਿਆਂ ਦਾ ਪ੍ਰਬੰਧ ਅਤੇ ਰੁਪਿਆ ਮਾਦਾ-ਪ੍ਰਸਤ ਅਤੇ ਨਾਸਤਕ ਨਿਸਚਿਆਂ ਦੇ ਲੋਕਾਂ ਦੇ ਹੱਥਾਂ ਵਿਚ ਚਲਾ ਜਾਣਾ ਲਾਜ਼ਮੀ ਹੈ ਅਤੇ ਉਸ ਵੇਲੇ ਰਾਜਨੀਤਕ ਲੀਡਰਾਂ ਨੂੰ ਆਪਣੀ ਹਸਤੀ ਕਾਇਮ ਰਖਣੀ ਵੀ ਅਸੰਭਵ ਹੋ ਜਾਵੇਗੀ।

ਗ੍ਰੰਥੀ ਦੀ ਅਧੋਗਤੀ ਦੀ ਹਾਲਤ ਨੂੰ ਹੋਰ ਸਾਫ ਕਰਨ ਦੇ ਆਸ਼ੇ ਨਾਲ ਅਸੀਂ ਗੁਰਦੁਆਰਾ ਕਮੇਟੀ ਵਲੋਂ 'ਗ੍ਰੰਥੀ ਦੀ ਲੋੜ' ਸਬੰਧੀ ਅਖਬਾਰਾਂ ਵਿਚ ਛਪ ਰਹੇ ਇਸ਼ਤਿਹਾਰਾਂ ਦਾ ਇਕ ਨਮੂਨਾ ਏਥੇ ਪ੍ਰਕਾਸ਼ਤ ਕਰਦੇ ਹਾਂ :

'ਗ੍ਰੰਥੀ ਦੀ ਲੋੜ'

"ਇਕ ਪੜ੍ਹੇ ਲਿਖੇ ਗ੍ਰੰਥੀ ਦੀ ਲੋੜ ਹੈ। ਗ੍ਰੰਥੀ ਵਿਆਹਿਆ ਅਤੇ ਕੀਰਤਨ ਕਰਨ ਵਾਲਾ ਹੋਣਾ ਚਾਹੀਦਾ ਹੈ। ਗੁਰਦੁਆਰੇ

ਦੇ ਸਕੂਲ ਵਿਚ ਆਏ ਬੱਚਿਆਂ ਨੂੰ ਵੀ ਪੜ੍ਹਾਨਾ ਹੋਵੇਗਾ। ਤਨਖਾਹ ਪੰਜਾਹ ਰੁਪਏ ਮਾਹਵਾਰ, ਪ੍ਰਸ਼ਾਦ ਪਾਣੀ ਦਾ ਇੰਤਜ਼ਾਮ ਵੀ ਕਮੇਟੀ ਵਲੋਂ ਕੀਤਾ ਜਾਵੇਗਾ। ਦਰਖਾਸਤਾਂ ਸਕੱਤ੍ਰ, ਗੁਰਦੁਆਰਾ ਕਮੇਟੀ ....ਨੂੰ ਆਉਣੀਆਂ ਚਾਹੀਦੀਆਂ ਹਨ।"

ਇਸ ਕਿਸਮ ਦੇ ਇਸ਼ਤਿਹਾਰ ਅਸੀਂ ਰੋਜ਼ ਗੁਰਮੁਖੀ ਅਖਬਾਰਾਂ ਵਿੱਚ ਵੇਖਦੇ ਹਾਂ ਪਰ ਇਹਨਾਂ ਇਸ਼ਤਿਹਾਰਾਂ ਤੋਂ ਸਿਖ ਕੌਮ ਵਿਚ ਜੋ ਗ੍ਰੰਥੀ ਦੀ ਪਦਵੀ ਦੀ ਦੁਰਦਸ਼ਾ ਹੋ ਰਹੀ, ਹੈ, ਉਸ ਨੂੰ ਘਟ ਹੀ ਵਿਚਾਰਿਆ ਗਿਆ ਹੋਵੇਗਾ।

ਦੁਨੀਆਂ ਵਿਚ ਹਰ ਚੀਜ਼ ਪੂਰੀ ਕੀਮਤ ਅਦਾ ਕਰਨ ਉਤੇ ਮਿਲਦੀ ਹੈ। ਅਗਰ ਘੜੀਆਂ ਦੀ ਦੁਕਾਨ ਉਤੇ ਜਾ ਕੇ ਅਸੀਂ ਆਖੀਏ ਕਿ ਅਸੀਂ ਦਸ ਰੁਪਏ ਤਕ ਦੀ ਕੀਮਤ ਦੀ ਘੜੀ ਖ੍ਰੀਦਣੀ ਚਾਹੁੰਦੇ ਹਾਂ ਤਾਂ ਦੁਕਾਨਦਾਰ ਤੁਹਾਨੂੰ ਸਾਫ ਆਖੇਗਾ ਕਿ ਦਸ ਰੁਪਏ ਦੀ ਚੰਗੀ, ਅਸਲੀ ਤੇ ਪਾਇਦਾਰ ਘੜੀ ਨਹੀਂ ਮਿਲ ਸਕਦੀ, ਪਰ ਜੇ ਅਸੀਂ ਜ਼ੋਰ ਦੇਈਏ ਕਿ ਦਸ ਰੁਪਏ ਤੋਂ ਵਧ ਘੜੀ ਉਤੇ ਨਹੀਂ ਖਰਚਣੇ ਤਾਂ ਉਹ ਨਕਲੀ ਘੜੀ ਜਾਂ ਪੁਰਾਣੀ ਅਤੇ ਨਕਾਰਾ ਘੜੀ ਤੁਹਾਡੇ ਪੇਸ਼ ਕਰ ਕੇ ਆਖੇਗਾ ਕਿ ਦਸ ਰੁਪਿਆਂ ਵਿਚ ਇਸ ਕਿਸਮ ਦੀ ਘੜੀ ਲੈ ਸਕਦੇ ਹੋ। ਇਸੇ ਤਰ੍ਹਾਂ ਜਦ ਅਸੀਂ ਪੰਜਾਹ ਰੁਪਏ ਮਹਾਵਾਰ ਗੁਰਦੁਆਰੇ ਦੇ ਗ੍ਰੰਥੀ ਦੀ ਕੀਮਤ ਮੁਕੱਰਰ ਕਰ ਕੇ ਇਸ਼ਤਿਹਾਰ ਕਢਦੇ ਹਾਂ ਤਾਂ ਉਸ ਇਸ਼ਤਿਹਾਰ ਨੂੰ ਪੜ੍ਹ ਕੇ ਗ੍ਰੰਥੀ ਦੀ ਸੇਵਾ ਵਾਸਤੇ ਕੇਵਲ ਉਹੀ ਪੁਰਸ਼ ਅਰਜ਼ੀਆਂ

ਭੇਜਦੇ ਹਨ, ਜਿਨ੍ਹਾਂ ਨੂੰ ਆਪਣੀ ਕੀਮਤ ਪੰਜਾਹ ਰੁਪਏ ਮਾਹਵਾਰ ਮੰਨਜ਼ੂਰ ਹੁੰਦੀ ਹੈ, ਜਾਂ ਜਿਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਉਹਨਾਂ ਦਾ ਦੁਨੀਆਂ ਵਿਚ ਪੰਜਾਹ ਰੁਪਏ ਮਾਹਵਾਰ ਤੋਂ ਵਧ ਹੋਰ ਕਿਤੇ ਮੁਲ ਨਹੀਂ ਪੈ ਸਕਦਾ। ਇਸ ਕਿਸਮ ਦੀਆਂ ਆਈਆਂ ਦਰਖਾਸਤਾਂ ਵਿਚੋਂ ਚੁਣਿਆ ਹੋਇਆ 'ਗ੍ਰੰਥੀ' ਫੇਰ ਆਪਣੀ ਸੇਵਾ ਉਤਨੀ ਹੀ ਯੋਗਤਾ ਤੇ ਜ਼ਿੰਮੇਵਾਰੀ ਨਾਲ ਨਿਭਾ ਸਕਦਾ ਹੈ, ਜਿਤਨੀ ਕਿ ਉਸ ਦੀ ਸੇਵਾ ਦੀ ਕੀਮਤ ਦਿਤੀ ਜਾਵੇਗੀ। ਇਸ ਕਿਸਮ ਦਾ ਗ੍ਰੰਥੀ ਆਮ ਤੌਰ ਤੇ ਗੁਰਦੁਆਰਾ ਕਮੇਟੀ ਦੇ ਸਾਰੇ ਮੈਂਬਰਾਂ ਨੂੰ ਆਪਣਾ ਮਾਲਕ ਜਾਂ ਅੰਨਦਾਤਾ ਸਮਝਦਾ ਹੈ ਅਤੇ ਕਮੇਟੀ ਦੇ ਮੈਂਬਰਾਂ ਦਾ ਨੌਕਰ ਬਣ ਕੇ ਰਹਿਣਾ ਆਪਣਾ ਫਰਜ਼ ਸਮਝਦਾ ਹੈ। ਐਸਾ ਗ੍ਰੰਥੀ ਕਮੇਟੀ ਦੇ ਮੈਂਬਰਾਂ ਦੇ ਘਰੋਂ ਰੋਜ਼ ਸਵੇਰੇ ਸ਼ਾਮ ਪ੍ਰਸ਼ਾਦਾ ਮੰਗ ਕੇ ਲਿਆਉਣਾ ਅਤੇ ਉਸੇ ਤੇ ਆਪਣਾ ਤੇ ਆਪਣੇ ਬਾਲ ਬੱਚਿਆਂ ਦਾ ਨਿਰਬਾਹ ਕਰਨਾ ਆਪਣੀ ਖੁਸ਼-ਕਿਸਮਤੀ ਸਮਝਦਾ ਹੈ। ਐਸੇ ਗ੍ਰੰਥੀ ਨੂੰ ਇਹ ਖਿਆਲ ਸੁਪਨੇ ਵਿਚ ਵੀ ਨਹੀਂ ਆ ਸਕਦਾ ਕਿ ਉਹ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੇਵਕ ਹੈ ਅਤੇ ਇਸ ਕਰ ਕੇ ਉਸ ਦਾ ਮਾਲਕ ਸਿਵਾਏ ਅਕਾਲ ਪੁਰਖ ਦੇ ਜਾਂ ਸਿਵਾਏ ਗੁਰੂ ਨਾਨਕ ਸਾਹਿਬ ਦੇ ਹੋਰ ਕੋਈ ਨਹੀਂ।' ਐਸੇ ਗ੍ਰੰਥੀ ਨੂੰ ਇਹ ਖਿਆਲ ਸੁਪਨੇ ਵਿਚ ਵੀ ਨਹੀਂ ਆ ਸਕਦਾ ਕਿ ਉਹ ਆਪਣੇ ਇਲਾਕੇ ਦੀਆਂ ਸੰਗਤਾਂ ਦੀ ਆਤਮਕ ਤਰੱਕੀ ਦਾ ਜ਼ਿੰਮੇਵਾਰ ਹੈ। ਐਸੇ ਗ੍ਰੰਥੀ ਕੋਲੋਂ ਕਦੋਂ ਉਮੀਦ ਹੋ ਸਕਦੀ ਹੈ ਕਿ ਅਗਰ ਉਸ ਦੀ ਕਮੇਟੀ ਦਾ ਪ੍ਰਧਾਨ ਜਾਂ ਸਕੱਤ੍ਰ ਸ਼ਰਾਬ ਪੀਂਦੇ ਹੋਣ ਤਾਂ ਉਹ

ਉਹਨਾਂ ਨੂੰ ਸੰਗਤ ਵਿਚੋਂ ਉਠਾ ਕੇ ਸ਼ਰਮਿੰਦਾ ਕਰ ਸਕੇਗਾ ਅਤੇ ਮਜਬੂਰ ਕਰ ਸਕੇਗਾ ਕਿ ਸ਼ਰਾਬ ਪੀਣੀ ਛਡੋ ਜਾਂ ਫਿਰ ਸਕੱਤ੍ਰ ਅਤੇ ਪ੍ਰਧਾਨਗੀ ਦੀ ਪਦਵੀ ਛਡੋ ? ਐਸੇ ਗ੍ਰੰਥੀ ਸ੍ਰੀ ਗੁਰੂ ਗ੍ਰੰਥ ਜੀ ਦਾ ਪਾਠ ਇਸ ਲਈ ਨਹੀਂ ਕਰਦੇ ਕਿ ਉਹਨਾਂ ਦੇ ਇਲਾਕੇ ਵਿਚ ਰਹਿਣ ਵਾਲੇ ਲੋਕਾਂ ਦਾ ਆਤਮਕ ਦ੍ਰਿਸ਼ਟੀਕੋਣ ਅਸਥੂਲ ਮੰਡਲਾਂ ਤੋਂ ਉਚਾ ਉਠੇ ਅਤੇ ਸੂਖਸ਼ਮ ਆਤਮਕ ਮੰਡਲਾਂ ਵਿਚ ਟਿਕੇ, ਸਗੋਂ ਉਹ ਤਾਂ ਪਾਠ ਮਗਰੋਂ ਜੋ ਗ੍ਰੰਥੀ ਨੂੰ ਮਾਇਆ ਮਿਲਿਆ ਕਰਦੀ ਹੈ, ਉਸ ਵਾਸਤੇ ਪਾਠ ਕਰਦੇ ਹਨ। ਐਸੇ ਗ੍ਰੰਥੀਆਂ ਦੇ ਹਿਸਾਬ ਨਾਲ ਜਿਤਨੇ ਜ਼ਿਆਦਾ ਮਹੀਨੇ ਵਿਚ ਭੋਗ ਪਾਏ ਜਾਣ ਉਤਨੇ ਜ਼ਿਆਦਾ ਰੁਪਏ ਇਕੱਤ੍ਰ ਹੋਣੇ ਜ਼ਰੂਰੀ ਹਨ। ਇਸ ਕਰ ਕੇ ਹਰ ਭੋਗ ਕਿਉਂ ਨਾ ਛੇਤੀ ਤੋਂ ਛੇਤੀ ਪਾਇਆ ਜਾਵੇ। ਜਦ ਪਾਠ ਨੂੰ ਛੇਤੀ ਤੋਂ ਛੇਤੀ ਕਰਨ ਵਿਚ ਗ੍ਰੰਥੀ ਨੂੰ ਮਾਇਕ ਲਾਭ ਨਜ਼ਰ ਆਵੇ ਤਾਂ ਫਿਰ ਉਸ ਨੂੰ ਗੁਰੂ ਗ੍ਰੰਥ ਦਾ ਪੂਰਾ ਪਾਠ ਕਰਨਾ ਫਜ਼ੂਲ ਜਾਪਦਾ ਹੈ ਅਤੇ ਪਾਠ ਕਰਦਿਆਂ ਪਤਰੇ ਛਡੀ ਜਾਣ ਵਿਚ ਕੋਈ ਖਾਸ ਹਰਜ ਨਜ਼ਰ ਨਹੀਂ ਆਉਂਦਾ। ਐਸਾ ਗ੍ਰੰਥੀ ਜਦ ਦੇਖਦਾ ਹੈ ਕਿ ਕਮੇਟੀ ਦੇ ਮੈਂਬਰਾਂ ਅਤੇ ਮਹੱਲੇ ਦੇ ਸਰਕਰਦਾ ਆਦਮੀਆਂ ਦੇ ਘਰੋਂ ਪ੍ਰਸ਼ਾਦੇ ਮੰਗ ਕੇ, ਪੰਜਾਹ-ਸੱਠ ਰੁਪਏ ਮਾਹਵਾਰੀ ਤਨਖਾਹ ਲੈ ਕੇ ਅਤੇ 'ਚੁਟਕੀ ਪਾਠ' ਕਰ ਕੇ ਵੀ ਉਸ ਦੇ ਪਰਿਵਾਰ ਦੀਆਂ ਜ਼ਰੂਰਤਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਫਿਰ ਉਹ ਸ੍ਰੀ ਗੁਰੂ ਗ੍ਰੰਥ ਜੀ ਅਗੇ ਚੜ੍ਹੇ ਚੜ੍ਹਾਵੇ ਵਿਚੋਂ ਵੀ ਦਾਅ ਲਗਣ ਉਤੇ ਚੋਰੀ ਕਰਨ ਵਾਸਤੇ ਮਜਬੂਰ ਹੁੰਦਾ ਹੈ। ਐਸੇ ਗ੍ਰੰਥੀ ਗੁਰੂ ਗ੍ਰੰਥ ਜੀ ਦੇ ਰੁਮਾਲੇ

ਅਤੇ ਗੁਰਦੁਆਰੇ ਦੀਆਂ ਕੀਮਤੀ ਚੀਜ਼ਾਂ ਵੀ ਵੇਚਦੇ ਦੇਖੇ-ਸੁਣੇ ਗਏ ਹਨ।

ਇਸ ਲੇਖ ਦਵਾਰਾ ਅਸੀਂ ਸਿਖ ਜਨਤਾ ਦੀ ਵਿਚਾਰ ਸ਼ਕਤੀ ਨੂੰ ਟੁੰਬਣਾ ਚਾਹੁੰਦੇ ਹਾਂ। ਜਦ ਤਕ ਗੁਰਸਿਖਾਂ ਦੀ ਬਹੁ-ਗਿਣਤੀ 'ਗ੍ਰੰਥੀ' ਦੀ ਪਦਵੀ ਦੀ ਪਵਿਤ੍ਰਤਾ, ਮਹੱਤਤਾ ਅਤੇ ਲੋੜ ਨੂੰ ਚੰਗੀ ਤਰ੍ਹਾਂ ਮਹਿਸੂਸ ਨਹੀਂ ਕਰਦੀ, ਤਦ ਤਕ ਕੌਮ ਦੀ ਇਖ਼ਲਾਕੀ ਅਤੇ ਆਤਮਕ ਅਵਸਥਾ ਦਾਂ ਸੁਧਾਰ ਅਸੰਭਵ ਹੈ। ਸਿਖ ਕੌਮ ਜਦ 'ਗ੍ਰੰਥੀ' ਦੀ ਮਹੱਤਤਾ ਤੇ ਜ਼ਰੂਰਤ ਨੂੰ ਮਹਿਸੂਸ ਕਰੇਗੀ ਤਦ ਇਸ ਪਦਵੀ ਦੀ ਯੋਗ ਕੀਮਤ ਅਦਾ ਕਰਨ ਵਾਸਤੇ ਤਿਆਰ ਹੋ ਜਾਵੇਗੀ। ਜਦ ਯੋਗ ਕੀਮਤ ਦੇਣ ਵਾਸਤੇ ਸਿਖ ਕੌਮ ਤਿਆਰ ਹੋਵੇਗੀ ਤਦ ਸਿਖ ਕੌਮ ਦਾ ਚੰਗਾ, ਸੱਚਾ, ਭਰੋਸੇਯੋਗ, ਵਿਦਵਾਨ ਅਤੇ ਉਚੇ ਆਚਾਰ ਵਾਲਾ ਹਿੱਸਾ 'ਗ੍ਰੰਥੀ' ਬਣਨਾ ਫਖਰ ਸਮਝੇਗਾ, ਤਦ ਸਿਖ ਕੌਮ ਨੂੰ ਵਿਦਵਾਨ, ਨਿਰਭੈ, ਨਿਰਵੈਰ, ਰੱਬੀ ਦ੍ਰਿਸ਼ਟੀ ਵਾਲੇ ਸੰਤੋਖੀ ਤੇ ਤਿਆਗੀ ਗ੍ਰੰਥੀ ਮਿਲਣਗੇ, ਜਿਨ੍ਹਾਂ ਦੀ ਸਿਖ ਕੌਮ ਨੂੰ ਸਾਰੀ ਦੁਨੀਆਂ ਦਾ ਰਾਜ ਮਿਲਣ ਨਾਲੋਂ ਵੀ ਵਧ ਲੋੜ ਹੈ।

ਸਾਡੇ ਮੌਜੂਦਾ ਪ੍ਰਚਾਰਕ

ਸਾਡੇ ਮੌਜੂਦਾ ਪ੍ਰਚਾਰਕਾਂ ਦੀ ਲਿਆਕਤ ਦਾ ਸਟੈਂਡਰਡ ਆਮ ਤੌਰ ਤੇ ਇਤਨਾ ਨੀਵਾਂ ਹੁੰਦਾ ਹੈ ਕਿ ਉਹਨਾਂ ਦੇ ਲੈਕਚਰ ਸੁਣਨ ਵਾਲੇ ਉਹਨਾਂ ਤੋਂ ਕਈ ਵਾਰੀ ਜ਼ਿਆਦਾ ਜਾਣਦੇ ਹੁੰਦੇ ਹਨ। ਦੀਵਾਨਾਂ ਵਿਚ ਪੜ੍ਹੇ-ਲਿਖੇ ਸਿੱਖਾਂ ਦੇ ਜ਼ਿਆਦਾ ਨਾ ਜਾਣ ਦਾ ਕਾਰਨ ਇਹ ਵੀ ਹੈ ਕਿ ਉਥੇ ਪ੍ਰਚਾਰਕ ਨੇ ਜੋ ਕੁਛ ਕਹਿਣਾ ਹੁੰਦਾ ਹੈ ਉਸ ਤੋਂ ਕਈ ਗੁਣਾ ਜ਼ਿਆਦਾ ਇਹਨਾਂ ਸਜਣਾਂ ਨੂੰ ਅਗੇ ਹੀ ਆਉਂਦਾ ਹੈ। ਜੇਕਰ ਪੜ੍ਹੇ ਲਿਖੇ ਸੱਜਣ ਦੀਵਾਨ ਵਿਚ ਕਿਸੇ ਗੁਰਪੁਰਬ ਦੇ ਸਮੇਂ ਆ ਵੀ ਬੈਠਣ ਤਾਂ ਪ੍ਰਚਾਰਕ ਉਨ੍ਹਾਂ ਤੇ ਆਪਣੀ ਧਾਰਮਿਕ ਵਾਕਫੀਅਤ ਦਾ ਅਸਰ ਨਹੀਂ ਪਾ ਸਕਦੇ। ਕਈ ਵਾਰੀ ਪ੍ਰਚਾਰਕ ਗਲਤ ਪ੍ਰਚਾਰ ਕਰਦੇ ਅਤੇ ਇਤਿਹਾਸਕ ਵਾਕਿਆਤ ਨੂੰ ਭੰਨ-ਤੋੜ ਕੇ ਗਲਤ ਤਰੀਕੇ ਵਿਚ ਬਿਆਨ ਕਰਦੇ ਹਨ, ਜਿਨ੍ਹਾਂ ਦਾ ਅਸਰ ਪੜ੍ਹੇ ਲਿਖੇ ਸਿਖਾਂ ਉਤੇ ਸਗੋਂ ਉਲਟਾ ਹੁੰਦਾ ਹੈ।

ਇਨਸਾਨ ਹਮੇਸ਼ਾ ਸਿਖਸ਼ਾ ਆਪਣੇ ਤੋਂ ਜ਼ਿਆਦਾ ਲਾਇਕ ਤੇ ਗੁਣਵਾਨ ਪਾਸੋਂ ਲੈਂਦਾ ਹੈ। ਪ੍ਰਚਾਰਕ ਦੀ ਕਾਬਲੀਅਤ ਤੇ ਸ਼ਖਸੀਅਤ ਉਸ ਦੇ ਪ੍ਰਚਾਰ ਦਾ ਅਸਰ ਪੈਦਾ ਕਰਨ ਵਿਚ ਬੜਾ ਕੰਮ ਕਰਦੀਆਂ ਹਨ। ਪਰ ਸਿਖ ਪ੍ਰਚਾਰਕਾਂ ਵਿਚ ਅਜ ਇਹ ਦੋਵੇਂ ਸਿਫਤਾਂ ਨਜ਼ਰ ਨਹੀਂ ਆਉਂਦੀਆਂ। ਸਿਖ ਪ੍ਰਚਾਰਕ ਅਜਕਲ

ਦੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਦਲੀਲ ਨਾਲ, ਮਿਸਾਲ ਦੇ ਕੇ ਮਾਡਰਨ ਤਰੀਕੇ ਵਿਚ ਕੋਈ ਗੱਲ ਨਹੀਂ ਸਮਝਾ ਸਕਦਾ, ਆਪਣੇ ਇਖਲਾਕ ਦੀ ਪਵਿਤ੍ਰਤਾ ਨਾਲ ਆਪਣੇ ਸੁਣਨ ਵਾਲਿਆਂ ਤੇ ਕੋਈ ਪ੍ਰਭਾਵ ਨਹੀਂ ਪਾ ਸਕਦਾ। ਪੜ੍ਹੇ ਲਿਖੇ ਤਬਕੇ ਦਾ ਗੁਰਸਿਖੀ ਤੋਂ ਦਿਨੋ-ਦਿਨ ਦੂਰ ਜਾਣ ਦਾ ਇਕ ਵਡਾ ਕਾਰਨ ਇਹ ਵੀ ਹੈ ਕਿ ਸਿਖ ਕੌਮ ਵਿਚ ਪੱਛਮੀ ਵਿਦਿਆ ਦੇ ਅਸਰ ਹੇਠ ਆਏ ਹਜ਼ਾਰਾਂ ਨੌਜਵਾਨਾਂ ਦੀ ਤਸੱਲੀ ਕਰਾਣ ਵਾਲਾ, ਉਨ੍ਹਾਂ ਦੇ ਡੂੰਘੇ ਸਵਾਲਾਂ ਅਤੇ ਉਨ੍ਹਾਂ ਦੇ ਸਚੇ ਸ਼ੰਕਿਆਂ ਦਾ ਜਵਾਬ ਦੇਣ ਵਾਲਾ ਕੋਈ ਨਜ਼ਰ ਨਹੀਂ ਆਉਂਦਾ। ਸਾਰੀ ਕੌਮ ਵਿਚ ਦੋ-ਚਾਰ ਕਾਲਜਾਂ ਦੇ ਪਰੋਫੈਸਰ ਇਸ ਘਾਟੇ ਨੂੰ ਕਿਵੇਂ ਪੂਰਾ ਕਰ ਸਕਦੇ ਹਨ, ਉਹ ਆਪਣੀਆਂ ਕਲਾਸਾਂ ਨੂੰ ਯੂਨੀਵਰਸਿਟੀ ਦੇ ਇਮਤਿਹਾਨਾਂ ਵਾਸਤੇ ਤਿਆਰ ਕਰਾਣ ਜਾਂ ਸਿਖ ਕੌਮ ਵਿਚ ਫਿਰ ਕੇ ਧਰਮ ਦਾ ਪ੍ਰਚਾਰ ਕਰਨ ?

ਸਿਖਾਂ ਵਿਚ ਚੰਗੇ ਪ੍ਰਚਾਰਕ ਨਾ ਹੋਣ ਦਾ ਦੋਸ਼ ਕੀ ਮੌਜੂਦਾ ਪ੍ਰਚਾਰਕਾਂ ਦੇ ਜ਼ਿੰਮੇ ਹੈ ? ਸੋਚਣ ਨਾਲ ਸਾਨੂੰ ਇਹ ਪਤਾ ਲਗੇਗਾ ਕਿ ਦੋਸ਼ ਪ੍ਰਚਾਰਕਾਂ ਦਾ ਨਹੀਂ, ਸਗੋਂ ਪ੍ਰਚਾਰਕ ਪੈਦਾ ਕਰਨ ਵਾਲੀ ਮਸ਼ੀਨਰੀ ਦਾ ਹੈ। ਸਾਡਾ ਪ੍ਰਚਾਰਕ ਪੈਦਾ ਕਰਨ ਦਾ ਸਿਸਟਮ ਠੀਕ ਨਹੀਂ ਜਿਸ ਕਰ ਕੇ ਉਚ ਦਰਜੇ ਤੇ ਉਚ ਜੀਵਨ ਦੇ ਪ੍ਰਚਾਰਕ ਨਹੀਂ ਦਿਸਦੇ। ਉਚ ਦਰਜੇ ਦੇ ਪ੍ਰਚਾਰਕ ਨਾ ਹੋਣ ਕਰਕੇ, ਮੌਜੂਦਾ ਪ੍ਰਚਾਰਕਾਂ ਦੀ ਕਦਰ ਨਹੀਂ ਹੁੰਦੀ ਅਤੇ ਮੌਜੂਦਾ ਪ੍ਰਚਾਰਕਾਂ ਦੀ ਕਦਰ ਨਾ ਹੋਣ ਕਰ ਕੇ ਉਚ ਦਰਜੇ ਦੇ ਪ੍ਰਚਾਰਕ

ਨਹੀਂ ਮਿਲਦੇ।

ਆਮ ਤੌਰ ਤੇ ਸਿਖ ਪ੍ਰਚਾਰਕ ਉਹ ਬਣਦਾ ਹੈ ਜਿਸ ਨੂੰ ਦੁਨੀਆਂ ਵਿਚ ਹੋਰ ਕਿਸੇ ਤਰ੍ਹਾਂ ਰੋਟੀ ਕਮਾਣ ਦਾ ਵੱਲ ਨਾ ਆਵੇ। ਜੋ ਰੋਟੀ ਕਿਸੇ ਹੋਰ ਤਰੀਕੇ ਨਾਲ ਨਾ ਕਮਾ ਸਕੇ, ਉਸ ਦੀ ਆਪਣੀ ਕੀਮਤ ਕੀ ਹੋ ਸਕਦੀ ਹੈ ? ਇਸ ਲਈ, ਆਮ ਕਰ ਕੇ ਵਿਹਲੇ, ਨਿਕੰਮੇ, ਹੱਡਹਰਾਮ ਤੇ ਮਿਹਨਤ ਤੋਂ ਜੀਅ ਚੁਰਾਣ ਵਾਲੇ ਆਦਮੀ ਚਾਰੇ ਪਾਸਿਆਂ ਤੋਂ ਨਾਕਾਮਯਾਬ ਹੋ ਕੇ ਪ੍ਰਚਾਰਕ ਦਾ ਕੰਮ ਪਕੜ ਲੈਂਦੇ ਹਨ।

ਸਿਖ ਸੁਸਾਇਟੀ ਵਿਚ ਪ੍ਰਚਾਰਕ ਨੂੰ ਸਭ ਤੋਂ ਘਟ ਤਨਖਾਹ ਮਿਲਦੀ ਹੈ ਅਤੇ ਆਪਣੇ ਆਪ ਨੂੰ ਸੁਖੀ ਬਣਾਨ ਦੇ ਘਟ ਤੋਂ ਘਟ ਮੌਕੇ ਹੁੰਦੇ ਹਨ, ਇਸ ਕਰ ਕੇ ਪ੍ਰਚਾਰ ਵਲ ਸਿਰਫ ਉਹੋ ਆਦਮੀ ਆਉਂਦੇ ਹਨ ਜਿਨ੍ਹਾਂ ਵਾਸਤੇ ਹੋਰ ਕੋਈ ਕੰਮ ਨਾ ਹੋਵੇ। ਸਿਖ ਤਰਖਾਣ, ਸਿਖ ਰਾਜ, ਸਿਖ ਦੁਕਾਨਦਾਰ, ਸਿਖ ਮਾਸਟਰ, ਸਿਖ ਕਲਰਕ ਆਪਣੇ ਆਪਣੇ ਹੁਨਰਾਂ ਰਾਹੀਂ ਸਿਖ ਗ੍ਰੰਥੀ ਤੇ ਸਿਖ ਪ੍ਰਚਾਰਕ ਨਾਲੋਂ ਜ਼ਿਆਦਾ ਆਰਾਮ ਵਾਲੀ, ਜ਼ਿਆਦਾ ਆਜ਼ਾਦ ਤੇ ਸੰਤੁਸ਼ਟ ਜ਼ਿੰਦਗੀ ਬਤੀਤ ਕਰਦੇ ਹਨ। ਇਨਸਾਨ ਦਾ ਸੁਭਾਵ ਹੈ ਕਿ ਜਿਸ ਕੰਮ ਵਿਚ ਫਾਇਦਾ ਨਾ ਹੋਵੇ, ਉਹ ਉਸ ਕੰਮ ਨੂੰ ਨਹੀਂ ਕਰਦਾ। ਸੁਸਾਇਟੀ ਵਿਚ ਜਿਸ ਕੰਮ ਦੀ ਕਦਰ ਨਾ ਹੋਵੇ, ਮੁਲ ਨਾ ਪਵੇ, ਉਹ ਕੰਮ ਉਸ ਸੁਸਾਇਟੀ ਦੇ ਚੰਗੇ, ਅਕਲ ਵਾਲੇ ਆਦਮੀ ਨਹੀਂ ਕਰਦੇ, ਕਿਉਂਕਿ ਸਿਖ ਗ੍ਰੰਥੀ ਜਾਂ ਸਿਖ ਪ੍ਰਚਾਰਕ ਨੂੰ ਸਿਖਾਂ ਵਿਚੋਂ ਨਾ ਪੂਰਾ ਮੁਲ, ਨਾ ਪੂਰੀ ਇਜ਼ਤ ਤੇ ਨਾ ਪੂਰਾ

ਸਤਿਕਾਰ ਮਿਲਦਾ ਹੈ, ਇਸ ਵਾਸਤੇ ਸਿਖਾਂ ਦੇ ਚੰਗੇ, ਸਿਆਣੇ ਤੇ ਦੂਰਅੰਦੇਸ਼ ਮਾਪੇ ਆਪਣੇ ਹੋਣਹਾਰ ਬੱਚਿਆਂ ਨੂੰ ਇਸ ਪਾਸੇ ਪੈਣ ਹੀ ਨਹੀਂ ਦੇਂਦੇ ਅਤੇ ਕਿਉਂਕਿ ਸਿਖਾਂ ਦੇ ਚੰਗੇ, ਹੋਣਹਾਰ, ਅਕਲ ਵਾਲੇ ਖਾਨਦਾਨੀ ਆਦਮੀ ਪ੍ਰਚਾਰ ਦੇ ਪਾਸੇ ਨਹੀਂ ਪੈਂਦੇ, ਇਸ ਕਰ ਕੇ ਚੰਗੇ ਪ੍ਰਚਾਰਕ ਨਜ਼ਰ ਨਹੀਂ ਆਉਂਦੇ।

ਆਈ. ਏ. ਐਸ. ਦੀਆਂ ਨੌਕਰੀਆਂ ਬੜੀਆਂ ਇਜ਼ਤ ਵਾਲੀਆਂ ਤੇ ਬੜੀ ਆਮਦਨ ਵਾਲੀਆਂ ਗਿਣੀਆਂ ਗਈਆਂ ਹਨ। ਇਸ ਕਰਕੇ ਹਰ ਕੌਮ ਦੇ ਆਹਲਾ-ਦਿਮਾਗ਼ ਇਨ੍ਹਾਂ ਨੌਕਰੀਆਂ ਨੂੰ ਪ੍ਰਾਪਤ ਕਰਨ ਵਾਸਤੇ ਮੁਕਾਬਲੇ ਦੇ ਇਮਤਿਹਾਨਾਂ ਵਿਚ ਬੈਠਦੇ ਹਨ। ਗੁਰਸਿਖਾਂ ਦੇ ਉਚੇ, ਬਾ-ਰਸੂਖ ਤੇ ਚੰਗੇ ਖਾਨਦਾਨ ਆਪਣੇ ਬੱਚਿਆਂ ਨੂੰ ਬੜੀ ਮੇਹਨਤ ਨਾਲ ਆਈ. ਏ. ਐਸ. ਵਾਸਤੇ ਤਿਆਰ ਕਰਦੇ ਹਨ, ਪਰ ਗ੍ਰੰਥੀ ਜਾਂ ਪ੍ਰਚਾਰਕ ਵਾਸਤੇ ਕਿਉਂ ਕੋਈ ਚੰਗਾ ਖਾਨਦਾਨ ਆਪਣੇ ਬੱਚਿਆਂ ਨੂੰ ਤਿਆਰ ਨਹੀਂ ਕਰਦਾ ? ਇਸ ਦਾ ਜਵਾਬ ਸਾਫ ਹੈ ਕਿ ਡਿਪਟੀ ਕਮਿਸ਼ਨਰ ਦੇ ਅਹੁਦੇ ਨੂੰ ਅਸੀਂ ਆਪਣੇ ਬੱਚਿਆਂ ਵਾਸਤੇ ਗ੍ਰੰਥੀ ਜਾਂ ਪ੍ਰਚਾਰਕ ਦੇ ਅਹੁਦੇ ਨਾਲੋਂ ਕਿਤੇ ਚੰਗਾ ਸਮਝਦੇ ਹਾਂ।

ਜੋ ਦਿੱਕਤ ਸਿਖ ਪ੍ਰਚਾਰ ਦੇ ਰਸਤੇ ਵਿਚ ਚੰਗੇ ਪ੍ਰਚਾਰਕ ਨਾ ਮਿਲਣ ਕਰ ਕੇ ਆ ਰਹੀ ਹੈ, ਇਹੀ ਦਿੱਕਤ ਯੂਰਪ ਵਿਚ ਵੀ ਕਦੀ ਆਈ ਸੀ, ਪਰ ਉਥੋਂ ਦੇ ਸਿਆਣੇ ਲੋਕਾਂ ਨੇ ਇਸ ਦਾ ਇਲਾਜ ਕੱਢ ਲਿਆ। ਉਨ੍ਹਾਂ ਨੇ ਗ੍ਰੰਥੀ ਜਾਂ ਪ੍ਰਚਾਰਕ (ਪਾਦਰੀ) ਦੇ ਅਹੁਦੇ ਨੂੰ ਸੁਸਾਇਟੀ ਦੇ ਸਭ ਅਹੁਦਿਆਂ ਤੋਂ ਜ਼ਿਆਦਾ ਮਾਣ ਵਾਲਾ ਬਣਾ

ਦਿਤਾ। ਇੰਗਲਿਸਤਾਨ ਦੇ ਪ੍ਰਧਾਨ ਮੰਤ੍ਰੀ ਦੀ ਤਨਖਾਹ ਅਤੇ ਸਹੂਲਤਾਂ ਇੰਗਲਿਸਤਾਨ ਦੇ ਲਾਰਡ ਪਾਦਰੀ ਤੋਂ ਘਟ ਰਖੀਆਂ ਗਈਆਂ ਹਨ। ਇਸ ਦਾ ਨਤੀਜਾ ਇਹ ਹੈ ਕਿ ਵਲਾਇਤ ਤੇ ਅਮਰੀਕਾ ਵਿਚ ਲਾਰਡਾਂ ਤੇ ਬੜੇ-ਬੜੇ ਧਨਾਢਾਂ ਦੇ ਲੜਕੇ ਪਾਦਰੀ ਅਹੁਦੇ ਵਾਸਤੇ ਤਿਆਰੀ ਕਰਦੇ ਹਨ।

ਅਗਰ ਇਕ ਗ੍ਰੰਥੀ ਦੀ ਤਨਖਾਹ ੫੦) ਰੁਪਏ ਮਹੀਨਾ ਹੋਵੇ, ਜਿਸ ਨਾਲ ਉਸ ਦਾ ਗੁਜ਼ਾਰਾ ਨਾ ਟੁਰੇ ਤਾਂ ਜੇ ਉਹ ਚੜ੍ਹਾਵੇ ਦੇ ਪੈਸੇ ਚੁਰਾ ਕੇ ਆਪਣੇ ਬੱਚਿਆਂ ਨੂੰ ਰੋਟੀ ਖਵਾਂਦਾ ਹੈ ਤਾਂ ਇਸ ਵਿਚ ਕਸੂਰ ਸਿਰਫ ਉਸ ਦਾ ਹੀ ਨਹੀਂ, ਬਲਕਿ ਉਨ੍ਹਾਂ ਦਾ ਵੀ ਹੈ ਜਿਨ੍ਹਾਂ ਇਕ ਟੱਬਰਦਾਰ ਆਦਮੀ ਨੂੰ ਗ੍ਰੰਥੀ ਦੀ ਪਦਵੀ ਉਤੇ ੫੦) ਰੁਪਏ ਮਹੀਨਾ ਦੇ ਕੇ ਬਿਠਾਇਆ ਹੈ।

ਥੋੜੇ ਅਰਸੇ ਤੋਂ ਕੌਮ ਦੇ ਦਰਦੀਆਂ ਤੇ ਸਿਆਣੇ ਲੋਕਾਂ ਨੂੰ ਇਹ ਖਿਆਲ ਆ ਰਹੇ ਹਨ ਕਿ ਸਿਖ ਕੌਮ ਵਿਚ ਧਾਰਮਕ ਪ੍ਰਚਾਰ ਦਾ ਘਾਟਾ ਹੈ। ਉਹ ਮਹਿਸੂਸ ਕਰ ਰਹੇ ਹਨ ਕਿ ਪੜ੍ਹੇ ਲਿਖੇ ਨੌਜਵਾਨ ਸਿਖਾਂ ਵਿਚ ਨਾਸਤਕਤਾ ਦੀ ਲਹਿਰ ਬੜੀ ਤੇਜ਼ੀ ਨਾਲ ਫੈਲ ਰਹੀ ਹੈ। ਇਸ ਦਾ ਸਭ ਤੋਂ ਚੰਗਾ ਇਲਾਜ ਸਾਡੀ ਸਮਝ ਵਿਚ ਇਹ ਹੈ ਕਿ ਪ੍ਰਚਾਰਕਾਂ ਦੇ ਅਹੁਦੇ ਨੂੰ ਇਤਨਾ ਚੰਗਾ, ਆਰਾਮ ਵਾਲਾ ਤੇ ਲਾਭਦਾਇਕ ਬਣਾਇਆ ਜਾਵੇ ਕਿ ਬੜੇ-ਬੜੇ ਲਾਇਕ ਸਿਖ ਕਾਲਜਾਂ ਦੀ ਪਰੋਫੈਸਰੀ, ਵਡੀ ਤੋਂ ਵਡੀ ਸਰਕਾਰੀ ਨੌਕਰੀ ਨੂੰ ਲੱਤ ਮਾਰ ਕੇ ਸਿਖ ਗ੍ਰੰਥੀ ਜਾਂ ਪ੍ਰਚਾਰਕ ਬਣਨਾ ਫਖਰ ਤੇ ਮਾਣ ਸਮਝਣ।

ਸਾਡੀਆਂ ਧਾਰਮਕ ਚੋਣਾਂ

ਸਾਡੀਆਂ ਮੌਜੂਦਾ ਚੋਣਾਂ ਦਾ ਤਰੀਕਾ ਪੱਛਮੀ ਦੇਸ਼ਾਂ ਤੋਂ ਆਈ ਇਕ ਸੁਗਾਤ ਹੈ। ਪੱਛਮੀ ਦੇਸ਼ਾਂ ਤੋਂ ਬਹੁਤ ਸੁਗਾਤਾਂ ਪੂਰਬੀ ਦੇਸ਼ਾਂ ਵਿਚ ਆਈਆਂ ਹਨ ਅਤੇ ਪੂਰਬ ਤੇ ਪਛਮ ਵਿਚ ਹਾਲਾਤ, ਆਬੋਹਵਾ, ਬੋਲੀ, ਰਿਹਾਇਸ਼ ਦਾ ਸਿਸਟਮ, ਸਭਿਅਤਾ ਅਤੇ ਧਾਰਮਕ ਖਿਆਲ ਇਕੋ ਜਿਹੇ ਨਾ ਹੋਣ ਕਰ ਕੇ ਕਈ ਸੁਗਾਤਾਂ ਸਾਨੂੰ ਮੁਆਫਕ ਤੇ ਕਈ ਸਾਨੂੰ ਉਕੀਆਂ ਨਾ-ਮੁਆਫਿਕ ਸਾਬਤ ਹੋਈਆਂ ਹਨ। ਚੌਣ ਦਾ ਤਰੀਕਾ ਇਕ ਐਸੀ ਸੁਗਾਤ ਹੈ, ਜੋ ਸਾਡੇ ਹਾਲਾਤ ਦੇ ਮੁਆਫਿਕ ਨਹੀਂ ਨਿਕਲੀ।

ਚੋਣਾਂ ਵਿਚ ਕੀ ਹੁੰਦਾ ਹੈ ? ਇਕ ਪਾਰਟੀ ਆਪਣੀ ਸੇਵਾ ਦਾ ਪਰੋਗਰਾਮ ਪਬਲਿਕ ਸਾਹਮਣੇ ਪੇਸ਼ ਕਰਦੀ ਹੈ ਅਤੇ ਪਬਲਿਕ ਤੋਂ ਮੰਗ ਕਰਦੀ ਹੈ ਕਿ ਸਾਨੂੰ ਸੇਵਾ ਦਾ ਮੌਕਾ ਦਿਤਾ ਜਾਵੇ ਤਾਂ ਅਸੀਂ ਬਹੁਤ ਉਮਦਾ ਸੇਵਾ ਕਰ ਕੇ ਦਿਖਾਵਾਂਗੇ। ਇਸੇ ਤਰ੍ਹਾਂ ਦੂਸਰੀ ਪਾਰਟੀ ਆਪਣੇ ਸੇਵਾ ਦੇ ਪਰੋਗਰਾਮ ਨੂੰ ਪ੍ਰਕਾਸ਼ਤ ਕਰ ਕੇ ਆਖਦੀ ਹੈ ਕਿ ਜੇ ਪਬਲਿਕ ਸਾਨੂੰ ਵੋਟਾਂ ਪਾ ਕੇ ਕਾਮਯਾਬ ਬਣਾਵੇ ਤਾਂ ਅਸੀਂ ਪਬਲਿਕ ਦੀ ਸੇਵਾ ਵਾਸਤੇ ਸਭ ਤੋਂ ਚੰਗੇ ਸਾਬਤ ਹੋਵਾਂਗੇ। ਹਰ ਇਕ ਪਾਰਟੀ ਆਪਣੀਆਂ ਖੂਬੀਆਂ ਤੇ ਦੂਸਰੀ ਪਾਰਟੀ ਦੇ ਨੁਕਸ ਦੱਸ ਕੇ ਪਬਲਿਕ ਤੋਂ ਵੋਟਾਂ ਦੀ ਭੀਖ

ਮੰਗਦੀ ਹੈ। ਕਿਉਂਕਿ ਜ਼ਿਆਦਾ ਵੋਟਾਂ ਦੇ ਅਰਥ ਕਾਮਯਾਬੀ ਹੁੰਦੇ ਹਨ, ਇਸ ਲਈ ਵੋਟਾਂ ਹਾਸਲ ਕਰਨ ਲਈ ਹਰ ਪ੍ਰਕਾਰ ਦੇ ਚੰਗੇ-ਮਾੜੇ ਤ੍ਰੀਕੇ ਵਰਤੇ ਜਾਂਦੇ ਹਨ, ਸ਼ਰਾਬਾਂ ਪਿਆਈਆਂ ਜਾਂਦੀਆਂ ਹਨ, ਝੂਠੇ ਇਕਰਾਰ ਕੀਤੇ ਜਾਂਦੇ ਹਨ, ਵੋਟਾਂ ਹਾਸਲ ਕਰਨ ਵਾਸਤੇ ਗੁੰਡੇ ਤੇ ਬਦਮਾਸ਼ ਨੌਕਰ ਰਖੇ ਜਾਂਦੇ ਹਨ, ਜੋ ਆਪਣੇ ਪ੍ਰਾਪੇਗੰਡੇ ਵਿਚ ਮਦਦ ਤੇ ਮੁਖਾਲਫ ਪਾਰਟੀ ਦੇ ਰਸਤੇ ਵਿਚ ਰੋੜੇ ਅਟਕਾਂਦੇ ਹਨ। ਵੋਟਾਂ ਪਾਣ ਲਗਿਆਂ ਹਰ ਪ੍ਰਕਾਰ ਦੀ ਬੇਈਮਾਨੀ ਵਰਤੀ ਜਾਂਦੀ ਹੈ, ਗ਼ਲਤ ਨਾਵਾਂ ਤੇ ਵੋਟਾਂ ਪੈਂਦੀਆਂ ਹਨ, ਵੋਟਾਂ ਦੇ ਲਿਖਣ ਵੇਲੇ ਬੇਈਮਾਨੀ, ਵੋਟਾਂ ਦੇ ਗਿਣਨ ਵੇਲੇ ਬੇਈਮਾਨੀ, ਵੋਟਾਂ ਦੇ ਦਿਨਾਂ ਵਿਚ ਡਾਂਗਾਂ ਚਲਦੀਆਂ, ਸ਼ਰੀਫਾਂ ਦੀਆਂ ਬੇਇਜ਼ਤੀਆਂ ਹੁੰਦੀਆਂ, ਸੱਕਿਆਂ ਵਿਚ ਸਦਾ ਲਈ ਸਿਰ-ਧੜ ਦੇ ਵੈਰ ਪੈਂਦੇ ਹਨ। ਵੋਟਾਂ ਹਾਸਲ ਕਰਨ ਵਾਸਤੇ ਹਜ਼ਾਰਾਂ ਰੁਪਏ ਬਰਬਾਦ ਕੀਤੇ ਜਾਂਦੇ ਹਨ। ਗੱਲ ਕੀ ਵੋਟਾਂ ਵਧਾ ਕੇ ਕਾਮਯਾਬ ਬਣਨ ਵਾਸਤੇ ਜੋ ਕੁਝ ਵੀ ਇਖ਼ਲਾਕ ਤੇ ਮਨੁਖਤਾ ਤੋਂ ਗਿਰੀਆਂ ਗੱਲਾਂ ਇਨਸਾਨ ਕਰ ਸਕਦਾ ਹੈ, ਕੀਤੀਆਂ ਜਾਂਦੀਆਂ ਹਨ।

ਧਾਰਮਕ ਅਸਥਾਨਾਂ ਦੇ ਪ੍ਰਬੰਧ ਵਾਸਤੇ ਅਤੇ ਧਾਰਮਕ ਸੁਸਾਇਟੀਆਂ ਦੇ ਮੈਂਬਰ ਬਣਨ ਵਾਸਤੇ, ਮੌਜੂਦਾ ਚੋਣ ਦਾ ਤ੍ਰੀਕਾ ਤਾਂ ਬੜਾ ਹੀ ਬੇ-ਢਬਾ, ਬੇ-ਸੁਰਾ ਤੇ ਗੈਰ-ਕੁਦਰਤੀ ਲਗਦਾ ਹੈ। ਧਾਰਮਕ ਸੇਵਾ ਦੇ ਚਾਹਵਾਨ, ਆਪਣੀ ਕਾਮਯਾਬੀ ਵਾਸਤੇ ਜਦ ਧਰਮ ਤੋਂ ਕਿਤੇ ਗਿਰੇ ਹੋਏ ਕੰਮ ਕਰਦੇ ਦੇਖੇ ਜਾਂਦੇ ਹਨ ਤਾਂ ਦਿਲ ਕੰਬ ਉਠਦਾ ਹੈ। ਜੋ ਆਦਮੀ, ਬਦਮਾਸ਼ਾਂ, ਬੇ-ਅਸੂਲਿਆਂ ਗੁੰਡਿਆਂ

ਦੀ ਮਦਦ ਲੈ ਕੇ, ਲੋਕਾਂ ਨੂੰ ਤਰ੍ਹਾਂ ਤਰ੍ਹਾਂ ਦੇ ਲਾਲਚ, ਰਿਸ਼ਵਤਾਂ ਤੇ ਡਰ ਦੇ ਕੇ ਆਪਣੇ ਹੱਕ ਵਿਚ ਵੋਟਾਂ ਪਵਾਂਦਾ ਹੈ, ਉਹ ਕਾਮਯਾਬ ਹੋ ਕੇ ਨੇਕੀ, ਧਰਮ, ਕੁਰਬਾਨੀ, ਨਿਮਰਤਾ ਤੇ ਇਨਸਾਫ ਦਾ ਕਿਤਨਾ ਕੁ ਸਤਿਕਾਰ ਕਰ ਸਕੇਗਾ ? ਜੋ ਬੁਰਾਈ ਤੇ ਇਖਲਾਕ-ਹੀਨ ਤ੍ਰੀਕਿਆਂ ਨਾਲ ਕਾਮਯਾਬ ਹੋਵੇਗਾ, ਉਹ ਕਾਮਯਾਬੀ ਵੇਲੇ ਵਰਤੇ ਤੇ ਕੰਮ ਆਏ ਹਥਿਆਰਾਂ ਨੂੰ ਹੀ ਆਪਣਾ ਮਿੱਤਰ ਸਮਝੇਗਾ।

ਜਿਸ ਵਕਤ ਕੋਈ ਸ਼ਖਸ ਜਾਂ ਪਾਰਟੀ, ਚੋਣ ਵਿਚ ਕਾਮਯਾਬ ਹੋ ਜਾਵੇ, ਉਸੇ ਵਕਤ ਤੋਂ ਉਹ ਇਸ ਆਹਰ ਵਿਚ ਲਗ ਜਾਂਦੇ ਹਨ ਕਿ ਅਗਲੀ ਚੋਣ ਵਿਚ ਕਿਵੇਂ ਕਾਮਯਾਬ ਹੋਣਾ ਹੈ ਤੇ ਹੱਥ ਆਈ ਚੌਧਰ ਨੂੰ ਕਿਵੇਂ ਕਾਇਮ ਰਖਣਾ ਹੈ ? ਆਪਣੀ ਪਾਰਟੀ ਦੇ ਆਦਮੀਆਂ ਦੇ ਐਬਾਂ ਨੂੰ ਛੁਪਾਣਾ, ਆਪਣੀ ਪਾਰਟੀ ਦੇ ਆਦਮੀਆਂ ਨੂੰ ਖੁਸ਼ ਰਖਣਾ, ਆਪਣੀ ਪਾਰਟੀ ਦੇ ਆਦਮੀਆਂ ਦੀ ਮਰਜ਼ੀ ਅਨੁਸਾਰ ਕੰਮ ਕਰਨਾ, ਆਪਣੀ ਪਾਰਟੀ ਨੂੰ ਕਾਇਮ ਰਖਣ ਦੇ ਜਤਨ ਸੋਚਣੇ, ਮੁਖਾਲਿਫ ਪਾਰਟੀ ਦੇ ਗੁਣਾਂ ਨੂੰ ਦਬਾਣਾ, ਮੁਖਾਲਿਫ ਪਾਰਟੀ ਦੀ ਤਾਰੀਫ ਨਾ ਹੋਣ ਦੇਣੀ, ਮੁਖਾਲਿਫ ਪਾਰਟੀ ਨੂੰ ਤਕੜਿਆਂ ਨਾ ਹੋਣ ਦੇਣਾ, ਮੁਖਾਲਿਫ ਪਾਰਟੀ ਦੇ ਪੈਰ ਨਾ ਜੰਮਣ ਦੇਣੇ, ਇਹ ਕਾਮਯਾਬ ਹੋਈਆਂ ਪਾਰਟੀਆਂ ਦਾ, ਚੋਣਾਂ ਮਗਰੋਂ ਅਸਲ ਤੇ ਵਡਾ ਪਰੋਗਰਾਮ ਹੁੰਦਾ ਹੈ।

ਮੌਜੂਦਾ ਚੋਣਾਂ ਵਿਚ, ਖਾਸ ਕਰ ਕੇ ਧਾਰਮਕ ਚੋਣਾਂ ਵਿਚ, ਸਵੈਮਾਨ ਵਾਲੇ, ਨੇਕ, ਬੇ-ਗਰਜ਼ ਤੇ ਨਿਸ਼ਕਾਮ ਲੋਕ ਹਰਗਿਜ਼

ਹਿੱਸਾ ਨਹੀਂ ਲੈ ਸਕਦੇ। ਜਿਸ ਤ੍ਰੀਕੇ ਨਾਲ ਮੌਜੂਦਾ ਚੋਣਾਂ ਵਿਚ ਕਿਸੇ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਸਿੰਘ ਸਭਾ ਦੀ ਮੈਂਬਰੀ ਹਾਸਲ ਕੀਤੀ ਜਾਂਦੀ ਹੈ, ਉਸ ਤਰੀਕੇ ਨਾਲ ਤਾਂ ਰਾਜ ਵੀ ਮਿਲੇ ਤਾਂ ਅਸਲ ਧਾਰਮਕ ਆਦਮੀ ਉਸ ਤੇ ਲਾਅਨਤ ਪਾਵੇਗਾ।

ਇਹੀ ਇਕ ਵਡਾ ਕਾਰਣ ਹੈ ਕਿ ਅਜਕਲ ਧਾਰਮਕ ਅਸਥਾਨਾਂ ਦੇ ਪ੍ਰਬੰਧਕ, ਪਾਰਟੀਬਾਜ਼, ਪ੍ਰਾਪੇਗੰਡੇ ਦੇ ਹੁਨਰ ਦੇ ਮਾਹਿਰ ਅਤੇ ਨਿਹਾਇਤ ਦੁਨੀਆਂਦਾਰ ਰੁਚੀਆਂ ਦੇ ਮਾਲਕ ਦਿਸਦੇ ਹਨ। (ਕਿਤੇ-ਕਿਤੇ ਟਾਵੇਂ-ਟਾਵੇਂ ਚੰਗੇ ਪੁਰਸ਼ ਵੀ ਭੁਲੇ ਭਟਕੇ ਇਹਨਾਂ ਪ੍ਰਬੰਧਕਾਂ ਅੰਦਰ ਆਟੇ ਵਿਚ ਲੂਣ ਦੀ ਤਰ੍ਹਾਂ ਨਜ਼ਰ ਆਉਣ ਤਾਂ ਕੀ ਹੋਇਆ) ਪਰ ਜੋ ਸਾਡੀ ਚੋਣਾਂ ਦੀ ਮਸ਼ੀਨਰੀ ਹੈ, ਉਸ ਤੋਂ ਚੰਗੇ ਆਦਮੀਆਂ ਦਾ ਧਾਰਮਕ ਸੇਵਾ ਦੀ ਅਗਲੀ ਕਤਾਰ ਵਿਚ ਆ ਸਕਣਾ ਨਾਮੁਮਕਿਨ ਹੋ ਗਿਆ ਹੈ।

ਕੀ ਧਾਰਮਕ ਚੋਣਾਂ ਕਿਸੇ ਹੋਰ ਚੰਗੇ ਤ੍ਰੀਕੇ ਨਾਲ ਨਹੀਂ ਹੋ ਸਕਦੀਆਂ, ਜਿਸ ਨਾਲ ਗੁਰਸਿਖੀ ਦਾ ਇਤਿਹਾਸ ਤੇ ਸ਼ਾਨ ਕਾਇਮ ਰਖੇ ਜਾ ਸਕਣ ? ਅਸੀਂ ਇਸ ਮਾਮਲੇ ਤੇ ਬੜੇ ਗਹੁ ਨਾਲ ਵਿਚਾਰ ਕਰਨ ਤੇ ਇਸ ਨਤੀਜੇ ਤੇ ਪਹੁੰਚੇ ਹਾਂ ਕਿ ਧਾਰਮਕ ਚੋਣਾਂ ਨੂੰ ਮੌਜੂਦਾ ਚੋਣਾਂ ਦੇ ਹਾਸੋਹੀਣੇ ਤ੍ਰੀਕੇ ਤੋਂ ਬਚਾਣਾ ਹਰ ਗੁਰਸਿਖ ਦਾ ਫਰਜ਼ ਹੈ। ਜਿਵੇਂ ਕਣਕ ਬੀਜ ਕੇ ਕਪਾਹ ਪੈਦਾ ਨਹੀਂ ਕੀਤੀ ਜਾ ਸਕਦੀ, ਉਸੇ ਤਰ੍ਹਾਂ ਮੌਜੂਦਾ ਚੋਣਾਂ ਦਾ ਸਿਸਟਮ ਕਾਇਮ ਰਖ ਕੇ, ਕੌਮ ਵਿਚੋਂ ਫੁਟ, ਬੇ-ਇਤਬਾਰੀ, ਈਰਖਾ, ਧੜੇਬੰਦੀ ਦੂਰ ਨਹੀਂ ਕੀਤੀ ਜਾ ਸਕਦੀ।

ਧਾਰਮਕ ਅਸਥਾਨ ਸਚਾਈ, ਨਿਸ਼ਕਾਮਤਾ, ਸੰਤੋਖ, ਪਿਆਰ, ਸੇਵਾ, ਆਨੰਦ ਤੇ ਮਿਲਾਪ ਦੇ ਅੱਡੇ ਜਾਂ ਸੋਮੇ ਹੁੰਦੇ ਹਨ। ਧਾਰਮਕ ਚੋਣਾਂ ਤੋਂ ਪਹਿਲੇ ਤੇ ਪਿਛੋਂ ਪ੍ਰੇਮ, ਪਿਆਰ, ਹਮਦਰਦੀ ਤੇ ਇਕ-ਦੂਜੇ ਦਾ ਸਤਿਕਾਰ ਵਧਣੇ ਚਾਹੀਦੇ ਹਨ। ਧਾਰਮਕ ਚੋਣਾਂ ਐਸੇ ਤ੍ਰੀਕੇ ਵਿਚ ਹੋਣੀਆਂ ਚਾਹੀਦੀਆਂ ਹਨ ਕਿ ਗੁਣਵਾਨ, ਨਿਰਪੱਖ, ਸੰਤੋਖੀ ਤੇ ਧਰਮੀ ਬੰਦੇ ਬਗੈਰ ਪ੍ਰਾਪੇਗੰਡਾ ਕਰਨ ਦੇ, ਬਗੈਰ ਕਿਸੇ ਕੋਲੋਂ ਵੋਟਾਂ ਦੀ ਭਿਖਿਆ ਮੰਗਣ ਦੇ, ਪਬਲਿਕ ਵਲੋਂ ਚੁਣੇ ਜਾ ਸਕਣ।

ਸਾਡੇ ਖਿਆਲ ਵਿਚ ਧਾਰਮਕ ਚੋਣ ਦੇ ਤ੍ਰੀਕੇ ਨੂੰ ਬਿਲਕੁਲ ਬਦਲ ਦੇਣਾ ਚਾਹੀਦਾ ਹੈ। ਇਸ ਦੇ ਬੁਨਿਆਦੀ ਅਸੂਲ ਹੀ ਹੋਰ ਬਨਾਣੇ ਚਾਹੀਦੇ ਹਨ। ਅਜਕਲ ਹਰ ਇਕ ਆਦਮੀ ਖੁਦ ਦਰਖਾਸਤ ਕਰਦਾ ਹੈ ਕਿ ਮੈਂ ਚੋਣ ਵਾਸਤੇ ਖੜਾ ਹੋਣਾ ਚਾਹੁੰਦਾ ਹਾਂ, ਜੇਕਰ ਮੈਨੂੰ ਚੁਣਿਆ ਜਾਵੇ ਤਾਂ ਮੈਂ ਬੜੀ ਸੇਵਾ ਕਰਕੇ ਦਿਖਾਵਾਂਗਾ।

ਇਹ ਧਾਰਮਕ ਆਸ਼ੇ ਦੇ ਉਕਾ ਹੀ ਵਿਰੁਧ ਖਿਆਲ ਹੈ। ਸਾਡੀ ਤਜਵੀਜ਼ ਹੈ ਕਿ ਹਰ ਉਮੀਦਵਾਰ, ਜੋ ਕਿ ਧਾਰਮਕ ਸੇਵਾ ਦੇ ਯੋਗ ਹੋਵੇ, ਉਸ ਦਾ ਨਾਮ ਪਬਲਿਕ ਦੇ ਦੋ ਆਦਮੀਆਂ ਵਲੋਂ ਚੋਣ ਵਾਸਤੇ ਪੇਸ਼ ਹੋਣਾ ਚਾਹੀਦਾ ਹੈ। ਸਿਰਫ ਇਹ ਗਲ ਉਸ ਉਮੀਦਵਾਰ ਤੋਂ ਪੁਛ ਲੈਣੀ ਜ਼ਰੂਰੀ ਹੋਵੇਗੀ ਕਿ ਜੇਕਰ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਉਸ ਦਾ ਨਾਮ ਪਰਵਾਨ ਕੀਤਾ ਗਿਆ ਤਾਂ ਉਹ ਸੱਚੇ ਦਿਲੋਂ ਸੇਵਾ ਕਰਨ ਵਾਸਤੇ ਤਿਆਰ ਹੈ ? ਬਸ,

ਇੰਨੀ ਤਸੱਲੀ ਕਰ ਕੇ ਦੋ ਪਬਲਿਕ ਦੇ ਆਦਮੀ ਕਿਸੇ ਯੋਗ ਆਦਮੀ ਦਾ ਨਾਮ ਚੋਣ ਵਾਸਤੇ ਤਜਵੀਜ਼ ਕਰਿਆ ਕਰਨ।

ਇਸ ਪ੍ਰਕਾਰ ਨਾਲ ਆਏ ਉਮੀਦਵਾਰਾਂ ਦੇ ਨਾਮ ਪਰਚੀਆਂ ਤੇ ਲਿਖ ਕੇ ਇਕ ਬਕਸੇ ਵਿਚ ਬੰਦ ਕਰ ਦੇਣੇ ਚਾਹੀਦੇ ਹਨ ਅਤੇ ਵਡੇ ਦੀਵਾਨ ਵਿਚ ਗੁਰੂ ਮਹਾਰਾਜ ਅਗੇ ਅਰਦਾਸਾ ਸੋਧ ਕੇ, ਇਕ ਬੱਚੇ ਪਾਸੋਂ ਲੋੜੀਂਦੇ ਮੈਂਬਰਾਂ ਦੀ ਜਿਤਨੀ ਗਿਣਤੀ ਦਰਕਾਰ ਹੋਵੇ, ਉਤਨੀਆਂ ਪਰਚੀਆਂ ਕਢਵਾ ਕੇ ਅਗਲੇ ਸਾਲ ਦੀ ਧਾਰਮਕ ਸੇਵਾ ਉਹਨਾਂ ਪਰਚੀਆਂ ਤੇ ਲਿਖੇ ਸੱਜਣਾਂ ਦੇ ਸਪੁਰਦ ਕਰ ਦੇਣੀ ਚਾਹੀਦੀ ਹੈ। ਮਿਸਾਲ ਦੇ ਤੌਰ ਤੇ ਕਿਸੇ ਗੁਰਦੁਆਰਾ ਕਮੇਟੀ ਜਾਂ ਸਿੰਘ ਸਭਾ ਜਾਂ ਹੋਰ ਧਾਰਮਕ ਸੁਸਾਇਟੀਆਂ ਦੇ ਬੱਤੀ (32) ਮੈਂਬਰ ਚੁਣਨੇ ਹੋਣ ਤਾਂ ਇਹਨਾਂ ਦਾ ਤਿੰਨ-ਚੋਥਾਈ ਹਿੱਸਾ, ਚੌਵੀ (24) ਮੈਂਬਰਾਂ ਦੇ ਨਾਮ ਪਬਲਿਕ ਦੇ ਦੋ-ਦੋ ਆਦਮੀਆਂ ਵਲੋਂ ਤਜਵੀਜ਼ ਹੋ ਕੇ ਆਉਣੇ ਚਾਹੀਦੇ ਹਨ। ਫਰਜ਼ ਕਰੋ ਚੌਵੀਆਂ (24) ਦੀ ਬਜਾਏ ਪਬਲਿਕ ਵਲੋਂ ਸੌ (100) ਆਦਮੀਆਂ ਦਾ ਨਾਮ ਤਜਵੀਜ਼ ਹੋ ਕੇ ਆਉਂਦਾ ਹੈ, ਤਾਂ ਉਨ੍ਹਾਂ ਸੌ ਆਦਮੀਆਂ ਦੇ ਨਾਮ ਨੂੰ ਪਰਚੀਆਂ ਤੇ ਲਿਖ ਕੇ ਮਹਾਰਾਜ ਦੀ ਹਜ਼ੂਰੀ ਵਿਚ ਬਕਸੇ ਅੰਦਰ ਪਾ ਦੇਣਾ ਚਾਹੀਦਾ ਹੈ ਅਤੇ ਅਰਦਾਸਾ ਸੋਧ ਕੇ ਕਿਸੇ ਬੱਚੇ ਤੋਂ ਚੌਵੀ ਪਰਚੀਆਂ ਉਸ ਬਕਸੇ ਵਿਚੋਂ ਕਢਵਾ ਲੈਣੀਆਂ ਚਾਹੀਦੀਆਂ ਹਨ। ਇਹਨਾਂ ਚੌਵ੍ਹੀ ਆਦਮੀਆਂ ਨੂੰ ਅਧਿਕਾਰ ਹੋਣਾ ਚਾਹੀਦਾ ਹੈ ਕਿ ਉਹ ਮੀਟਿੰਗ ਕਰ ਕੇ ਅਠ ਯੋਗ ਆਦਮੀਆਂ ਦੇ ਨਾਮ, ਜੋ ਚੋਣ ਵਿਚ ਆਉਣੋਂ ਰਹਿ ਗਏ ਹੋਣ, ਨਾਮਜ਼ਦ ਕਰ ਕੇ ਬੱਤੀ

ਆਦਮੀਆਂ ਦੀ ਕਮੇਟੀ ਮੁਕੰਮਲ ਕਰ ਲੈਣ।

ਇਸ ਤ੍ਰੀਕੇ ਵਿਚ ਪਬਲਿਕ ਨੂੰ ਨਾਮ ਤਜਵੀਜ਼ ਕਰਨ ਦਾ ਪੂਰਾ ਹੱਕ ਹੋਵੇਗਾ, ਪਰ ਪਰਚੀਆਂ ਦੇ ਸਿਸਟਮ ਤੋਂ ਉਤਪੰਨ ਹੋਈਆਂ ਬੁਰਾਈਆਂ ਤੋਂ ਸਦਾ ਲਈ ਬਚਾਉ ਹੋ ਜਾਵੇਗਾ। ਇਸ ਤ੍ਰੀਕੇ ਨਾਲ ਕਦੀ ਪਾਰਟੀਆਂ ਨਹੀਂ ਬਣਨਗੀਆਂ, ਕਿਉਂਕਿ ਸਭ ਨੂੰ ਪਤਾ ਹੋਵਗਾ ਕਿ ਵੋਟਾਂ ਦੀ ਗਿਣਤੀ ਦੇ ਹਿਸਾਬ ਨਾਲ ਕਾਮਯਾਬੀ ਨਹੀਂ ਹੋਣੀ। ਕਾਮਯਾਬੀ ਉਸ ਨੂੰ ਹੋਣੀ ਹੈ, ਜਿਸ ਦਾ ਨਾਮ ਅਗਲੇ ਸਾਲ ਫੇਰ ਮਹਾਰਾਜ ਦੀ ਹਜ਼ੂਰੀ ਵਿਚ ਨਿਕਲੇਗਾ।

ਸਾਡਾ ਪੱਕਾ ਯਕੀਨ ਹੈ ਕਿ ਜੇਕਰ ਸਿਦਕ ਯਕੀਨ ਨਾਲ ਮਹਾਰਾਜ ਦੀ ਹਜ਼ੂਰੀ ਵਿਚ ਅਰਦਾਸਾ ਸੋਧ ਕੇ ਨਾਮ ਬਕਸੇ ਵਿਚੋਂ ਕਢੇ ਜਾਣ ਤਾਂ ਚੁਣੇ ਗਏ ਮੈਂਬਰਾਂ ਦੇ ਸਿਰ ਤੇ ਮਹਾਰਾਜ ਦਾ ਹੱਥ ਹੋਵੇਗਾ ਤੇ ਉਹਨਾਂ ਦੇ ਕੰਮ ਵਿਚ ਰੱਬੀ ਬਰਕਤ ਹੋਵੇਗੀ।

ਸਾਡੇ ਗੁਰਦੁਆਰੇ

ਗੁਰਦੁਆਰਾ ਇੱਟਾਂ, ਚੂਨੇ, ਲੋਹੇ ਤੇ ਲਕੜੀ ਤੋਂ ਬਣੀ ਇਮਾਰਤ ਦਾ ਨਾਮ ਨਹੀਂ। ਇਹ ਉਸ ਅਸਥਾਨ ਦਾ ਨਾਮ ਹੈ, ਜਿਸ ਤੋਂ ਗੁਰੂ ਦਾ ਉਪਦੇਸ਼, ਗੁਰੂ ਦੀ ਤਾਲੀਮ, ਚਸ਼ਮੇ ਦੇ ਪਾਣੀ ਦੀ ਤਰ੍ਹਾਂ ਫੁਟ-ਫੁਟ ਕੇ ਨਿਕਲੇ ਅਤੇ ਆਪਣੇ-ਬਿਗਾਨੇ ਸਭ ਦੇ ਹਿਰਦਿਆਂ ਨੂੰ ਸੀਤਲ ਕਰੇ, ਸੰਸਾਰ ਦੀਆਂ ਮੁਰਝਾਈਆਂ ਰੂਹਾਂ ਨੂੰ ਹਰਿਆ-ਭਰਿਆ ਕਰੇ।

ਅਨਜਾਣ ਆਸਤਕ ਨੇ ਕਈ ਗਲਤ ਬਾਤਾਂ ਤੇ ਜ਼ੋਰ ਦੇ ਕੇ ਧਰਮ ਦੀਆਂ ਅਸਲ ਖੂਬੀਆਂ ਨੂੰ ਪਿਛੇ ਪਾ ਛਡਿਆ ਹੈ। ਗੁਰਦੁਆਰੇ ਦੀਆਂ ਇੱਟਾਂ ਜਾਂ ਇਮਾਰਤ ਨੂੰ ਗੁਰੂ ਦੇ ਉਪਦੇਸ਼ਾਂ ਤੋਂ ਜ਼ਿਆਦਾ ਸਤਿਕਾਰ ਦੇਣਾ, ਗੁਰੂ ਅਤੇ ਗੁਰੂ ਦੇ ਉਪਦੇਸ਼ਾਂ ਨਾਲ ਬੇ-ਇਨਸਾਫੀ ਕਰਨੀ ਹੈ। ਅਸੀਂ ਮੰਨਦੇ ਹਾਂ ਕਿ ਗੁਰਦੁਆਰੇ ਜਾਂ ਧਰਮਸਾਲਾਂ ਬਨਾਣ ਵਾਲੇ ਕਈ ਦਾਨੀਆਂ ਦੇ ਦਿਲਾਂ ਵਿਚ ਅਸਲ ਇਜ਼ਤ ਤਾਂ ਗੁਰੂ ਉਪਦੇਸ਼ ਦੀ ਹੀ ਹੁੰਦੀ ਹੈ, ਪਰ ਗੁਰਦੁਆਰਾ ਬਣਨ ਮਗਰੋਂ ਆਮ ਤੌਰ ਤੇ ਮਾਮਲਾ ਉਲਟ ਜਾਂਦਾ ਹੈ। ਗੁਰੂ ਉਪਦੇਸ਼ ਦੀ ਬਜਾਏ ਗੁਰਦੁਆਰੇ ਦੀ ਇਮਾਰਤ ਦੀ ਮਹਾਨਤਾ ਵਧ ਜਾਂਦੀ ਹੈ। ਪਚਾਨਵੇਂ ਫੀ ਸਦੀ ਦਾਨੀ ਗੁਰਦੁਆਰਿਆਂ ਦੀਆਂ ਇਮਾਰਤਾਂ ਵਾਸਤੇ ਰੁਪਿਆ ਬਗੈਰ ਇਹ ਸੋਚੇ ਦੇ ਦਿੰਦੇ ਹਨ ਕਿ

ਇਮਾਰਤਾਂ ਬਣਨ ਮਗਰੋਂ ਉਥੇ ਹੋਵੇਗਾ ਕੀ ? ਦਾਨੀਆਂ ਨੂੰ ਦਾਨ ਕਰਨ ਵੇਲੇ ਪਹਿਲੇ ਸੋਚਣਾ ਚਾਹੀਦਾ ਹੈ ਕਿ ਗੁਰੂ ਦੇ ਉਪਦੇਸ਼ ਦਾ ਪ੍ਰਚਾਰ ਗੁਰਦੁਆਰੇ ਦੀ ਇਮਾਰਤ ਬਣਾਨ ਮਗਰੋਂ ਕਿਵੇਂ ਕੀਤਾ ਅਤੇ ਜਾਰੀ ਰਖਿਆ ਜਾਵੇਗਾ ? ਜੇਕਰ ਇਸ ਸਬੰਧ ਵਿਚ ਉਹਨਾਂ ਦੀ ਪੂਰਨ ਤਸੱਲੀ ਹੋ ਜਾਵੇ, ਫੇਰ ਗੁਰਦੁਆਰੇ ਦੀ ਇਮਾਰਤ ਬਣਾਉਣ ਵਾਸਤੇ ਮਾਇਆ ਦੇਣੀ ਚਾਹੀਦੀ ਹੈ।

ਗੁਰਦੁਆਰਾ ਭਾਵੇਂ ਕਿਤਨਾ ਸ਼ਾਨਦਾਰ ਬਣਿਆ ਹੋਇਆ ਹੋਵੇ, ਜੇਕਰ ਉਸ ਤੋਂ ਅਸਲ ਅਰਥਾਂ ਵਿਚ ਗੁਰੂ ਉਪਦੇਸ਼ ਦਾ ਪ੍ਰਚਾਰ ਨਹੀਂ ਉਪਜਦਾ ਤਾਂ ਉਹ ਪਰਾਣਾਂ ਤੋਂ ਬਿਨਾਂ ਇਕ ਲੋਥ ਦੇ ਸਮਾਨ ਹੈ।

ਗੁਰੂ ਦੇ ਉਪਦੇਸ਼ ਦਾ ਪ੍ਰਚਾਰ ਕਰਨ ਵਾਸਤੇ ਉਹਨਾਂ ਇਮਾਰਤਾਂ ਜਾਂ ਅੱਡਿਆਂ ਨਾਲੋਂ, ਜਿਥੇ ਕਿ ਪ੍ਰਚਾਰ ਹੋਵੇ, ਉਹਨਾਂ ਪੁਰਸ਼ਾਂ ਦੀ ਕਿਤੇ ਵਧ ਜ਼ਰੂਰਤ ਹੈ, ਜੋ ਕਿ ਪ੍ਰਚਾਰ ਕਰਨ। ਗੁਰੂ ਉਪਦੇਸ਼ ਦਾ ਪ੍ਰਚਾਰ, ਇਮਾਰਤਾਂ ਨਹੀਂ ਕਰ ਸਕਦੀਆਂ, ਇਹ ਕੰਮ ਗੁਰੂ ਉਪਦੇਸ਼ ਨੂੰ ਸਮਝਣ ਤੇ ਕਮਾਣ ਵਾਲੇ ਪੁਰਸ਼ ਹੀ ਕਰ ਸਕਦੇ ਹਨ। ਅਨਜਾਣ ਆਸਤਕਾਂ ਨੇ ਇਸ ਰੀਤ ਨੂੰ ਗਲਤ ਸਮਝ ਕੇ ਧਰਮ ਨੂੰ ਬਜਾਏ ਲਾਭ ਦੇ ਨੁਕਸਾਨ ਪਹੁੰਚਾਇਆ ਹੈ।

ਵਿਚਾਰ ਕੀਤਿਆਂ ਪਤਾ ਲਗੇਗਾ ਕਿ ਪ੍ਰਚਾਰ ਅਸਥਾਨਾਂ ਨਾਲੋਂ ਪ੍ਰਚਾਰ ਕਰਨ ਵਾਲਿਆਂ ਦੀ ਸ਼ਖਸੀਅਤ ਉਤੇ ਪ੍ਰਚਾਰ ਜ਼ਿਆਦਾ ਨਿਰਭਰ ਹੁੰਦਾ ਹੈ। ਪ੍ਰਚਾਰ ਨੂੰ ਜਿਉਂਦੇ-ਜਾਗਦੇ ਤੇ

ਪ੍ਰਚਲਤ ਰਖਣ ਵਾਸਤੇ, ਮੋਈਆਂ, ਬੇ-ਜਾਨ, ਇੱਟਾਂ-ਚੂਨੇ ਦੀਆਂ ਇਮਾਰਤਾਂ ਨਾਲੋਂ ਜਿਊਂਦੇ-ਜਾਗਦੇ, ਪ੍ਰਚਾਰ ਕਰਨ ਦੇ ਯੋਗ ਪੁਰਸ਼ ਜ਼ਰੂਰੀ ਹਨ। ਗੁਰੂ ਉਪਦੇਸ਼ ਨੂੰ ਸਮਝਣ, ਕਮਾਣ ਤੇ ਬਿਆਨ ਕਰ ਸਕਣ ਵਾਲਾ ਇਕ ਗੁਰਸਿਖ, ਇਕ ਦਰਖਤ ਹੇਠਾਂ ਬੈਠ ਕੇ ਗੁਰੂ ਘਰ ਦੀ ਉਹ ਸੇਵਾ ਕਰ ਸਕਦਾ ਹੈ, ਜੋ ਲੱਖਾਂ-ਕਰੋੜਾਂ ਰੁਪਏ ਲਗਾ ਕੇ ਬਣਾਈਆਂ ਗੁਰਦੁਆਰਿਆਂ ਦੀਆਂ ਇਮਾਰਤਾਂ ਨਹੀਂ ਕਰ ਸਕਦੀਆਂ।

ਆਲੀਸ਼ਾਨ ਗੁਰਦੁਆਰਿਆਂ ਦੇ ਅੰਦਰ ਆਮ ਤੌਰ ਤੇ ਜਦ ਐਸੇ ਗ੍ਰੰਥੀ ਦੇਖੇ ਜਾਂਦੇ ਹਨ, ਜਿਨ੍ਹਾਂ ਵਿਚ ਆਤਮਕ ਬਾਤਾਂ ਆਪ ਸਮਝਣ ਤੇ ਕਿਸੇ ਨੂੰ ਸਮਝਾਣ ਦੀ ਸ਼ਕਤੀ ਤਾਂ ਇਕ ਪਾਸੇ, ਸਾਧਾਰਨ ਚੀਜ਼ਾਂ ਦਾ ਵੀ ਗਿਆਨ ਨਹੀਂ ਹੁੰਦਾ, ਤਾਂ ਦਿਲ ਤੋਂ ਇਹ ਆਹ ਉਠਦੀ ਹੈ ਕਿ ਕਾਸ਼ ! ਸਿਖ ਕੌਮ ਨੂੰ ਗੁਰਦੁਆਰੇ ਬਣਾਉਣ ਦੇ ਸ਼ੌਕ ਨਾਲੋਂ ਵਿਦਵਾਨ ਗ੍ਰੰਥੀ ਪੈਦਾ ਕਰਨ ਦਾ ਵਧੇਰੇ ਖਿਆਲ ਹੁੰਦਾ।

ਗੁਰਦੁਆਰੇ ਦੇ ਗ੍ਰੰਥੀ ਦੀ ਅਜਕਲ ਸਭ ਤੋਂ ਵਡੀ ਸਿਫਤ ਆਪਣੀ ਪਾਰਟੀ ਦਾ ਪ੍ਰਚਾਰ ਕਰ ਸਕਣਾ ਹੈ। ਪਾਰਟੀ ਵਲੋਂ ਮੁਕੱਰਰ ਹੋਏ ਗ੍ਰੰਥੀ ਨੂੰ ਪਤਾ ਹੁੰਦਾ ਹੈ ਕਿ ਉਸ ਦੀ ਤਨਖਾਹ ਆਤਮਕ ਜਾਂ ਧਾਰਮਕ ਪ੍ਰਚਾਰ ਕਰ ਕੇ ਨਹੀਂ, ਸਗੋਂ ਪਾਰਟੀ ਪ੍ਰਚਾਰ ਕਰ ਕੇ ਵਧਣੀ ਹੈ, ਇਸ ਲਈ ਉਸ ਦੀ ਸੁਰਤ ਬਜਾਏ ਧਾਰਮਕ ਪ੍ਰਚਾਰ ਦੇ ਪਾਰਟੀ ਪ੍ਰਾਪੇਗੰਡੇ ਵਿਚ ਜ਼ਿਆਦਾ ਲਗਦੀ ਹੈ। ਇਸ ਦਾ ਨਤੀਜਾ ਕੁਦਰਤੀ ਤੌਰ ਤੇ, ਸੰਗਤ ਵਿਚ ਸ਼ਾਂਤੀ,

ਗਿਆਨ ਤੇ ਪ੍ਰੇਮ ਪੈਦਾ ਹੋਣ ਦੀ ਬਜਾਏ ਫੁਟ, ਈਰਖਾ ਤੇ ਨਫਰਤ ਹੁੰਦਾ ਹੈ।

ਸਿਖਾਂ ਦੇ ਮੌਜੂਦਾ ਧਾਰਮਕ ਪ੍ਰਚਾਰ ਦੀ ਐਸੀ ਗਿਰਾਵਟ ਦੇਖ ਕੇ ਕਿਸੇ ਵੇਲੇ ਐਸਾ ਖਿਆਲ ਆਉਂਦਾ ਹੈ ਕਿ ਗੁਰੂ ਨਾਨਕ ਸਾਹਿਬ ਤੇ ਗੁਰੂ ਅਰਜਨ ਦੇਵ ਜੀ ਦੀ ਤਾਲੀਮ ਦਾ ਪ੍ਰਚਾਰ ਸ਼ਾਇਦ ਚੰਗਾ ਹੁੰਦਾ, ਜੇਕਰ ਸਿਖਾਂ ਪਾਸ ਇਤਨੇ ਗੁਰਦੁਆਰੇ ਤੇ ਗੁਰਦੁਆਰਿਆਂ ਦੀਆਂ ਜਾਇਦਾਦਾਂ ਨਾ ਹੁੰਦੀਆਂ। ਤਾਂ ਕੀ ਸਾਡੇ ਗੁਰਦੁਆਰੇ ਤੇ ਉਹਨਾਂ ਦੀਆਂ ਜਾਇਦਾਦਾਂ ਅਜ ਸਾਡੇ ਗੁਰੂ ਦੇ ਸਰਬ-ਸਾਂਝ, ਸੁਲਹਾਕੁਲ ਤੇ ਸ਼ਾਂਤੀ ਦੇ ਉਪਦੇਸ਼ ਦੇ ਰਾਹ ਵਿਚ ਔਕੜਾਂ ਨਹੀਂ ਬਣੀਆਂ ਖੜੀਆਂ?

ਅਸੀਂ ਗੁਰਦੁਆਰਿਆਂ ਦਾ ਹੋਣਾ ਉਸੇ ਹਾਲਤ ਵਿਚ ਹੀ ਜ਼ਰੂਰੀ ਸਮਝਦੇ ਹਾਂ, ਜੇਕਰ ਇਹਨਾਂ ਤੋਂ ਗੁਰੂ ਉਪਦੇਸ਼, ਨਿਰਭੈ ਤੇ ਨਿਰਵੈਰ ਪੁਰਸ਼ਾਂ ਦੇ ਰਾਹੀਂ, ਜਗਤ ਜਲੰਦੇ ਤਕ ਪਹੁੰਚ ਸਕੇ। ਨਹੀਂ ਤਾਂ ਗੁਰਦੁਆਰੇ ਤੇ ਇਹਨਾਂ ਦੀਆਂ ਜਾਇਦਾਦਾਂ ਹੀ ਗੁਰਸਿਖੀ ਦੇ ਪ੍ਰਚਾਰ ਵਿਚ ਹੱਦਾਂ ਤੇ ਰੁਕਾਵਟਾਂ ਹਨ।

ਕੀ ਸਿਖ ਕੌਮ ਵਿਚ ਐਸ ਵੇਲੇ ਇਕ ਵੀ ਜਗ੍ਹਾ ਐਸੀ ਹੈ, ਜਿਥੇ ਗ੍ਰੰਥੀਆਂ ਜਾਂ ਪ੍ਰਚਾਰਕਾਂ ਨੂੰ ਤਾਲੀਮ ਦਿਤੀ ਜਾ ਸਕੇ ? ਕੀ ਸਿਖ ਕੌਮ ਵਿਚ ਐਸੀ ਇਕ ਵੀ ਸਕੀਮ ਹੈ, ਜਿਸ ਅਨੁਸਾਰ ਕੌਮ ਦੇ ਹੋਣਹਾਰ ਤੇ ਕਾਬਲ ਵਿਦਿਆਰਥੀਆਂ ਨੂੰ ਉਚੇ ਦਰਜੇ ਦੇ ਗ੍ਰੰਥੀ ਜਾਂ ਪ੍ਰਚਾਰਕ ਬਣਨ ਵਾਸਤੇ ਪ੍ਰੇਰਿਆ ਜਾ ਸਕੇ ?

ਗੁਰਦੁਆਰੇ ਲੱਖਾਂ ਰੁਪਏ ਲਗਾ ਕੇ ਬਨਾਣੇ, ਪਰ ਉਹਨਾਂ ਵਿਚ ਗ੍ਰੰਥੀ ਉਹ ਰਖਣੇ, ਜਿਹੜੇ ਦੁਨੀਆਂ ਦੇ ਸਭ ਪਾਸਿਆਂ ਤੋਂ ਨਿਕੰਮੇ ਹੋ ਚੁਕੇ ਹੋਣ ਜਾਂ ਜਿਨ੍ਹਾਂ ਨੂੰ ਸਫਾਈ, ਇਮਾਨਦਾਰੀ, ਸੱਚ ਬੋਲਣ ਆਦਿ ਸਾਧਾਰਨ ਸਿਫਤਾਂ ਦਾ ਵੀ ਪਤਾ ਨਾ ਹੋਵੇ, ਕੀ ਗੁਰਦੁਆਰਿਆਂ ਤੇ ਲਗੀਆਂ ਲਖਾਂ ਕਰੋੜਾਂ ਦੀਆਂ ਰਕਮਾਂ ਤੇ ਪਾਣੀ ਫੇਰਨਾ ਜਾਂ ਬੇ-ਅਰਥ ਬਨਾਣਾ ਨਹੀਂ ?

ਇਕ ਵਾਰ ਸਾਨੂੰ ਰਾਮਾ ਕ੍ਰਿਸ਼ਨਾ ਮਿਸ਼ਨ ਕਲਕੱਤਾ (ਹੁਣ ਕੋਲਕਤਾ) ਦੇਖਣ ਦਾ ਸੁਭਾਗ ਪ੍ਰਾਪਤ ਹੋਇਆ। ਜਾ ਕੇ ਤਬੀਅਤ ਖੁਸ਼ ਵੀ ਹੋਈ ਤੇ ਨਿਰਾਸ਼ ਵੀ । ਖੁਸ਼ ਇਸ ਕਰ ਕੇ ਕਿ ਉਥੋਂ ਦੇ ਸਾਦਾ ਖੱਦਰ ਦੇ ਭਗਵੇ ਲਿਬਾਸ ਵਾਲੇ ਜਿਸ ਪ੍ਰਚਾਰਕ ਨਾਲ ਗੱਲ ਕਰੋ, ਉਸ ਦੇ ਨਿਰਮਾਣ ਬਚਨਾਂ ਵਿਚੋਂ ਪੂਰਨ ਯੋਗਤਾ ਤੇ ਕਾਬਲੀਅਤ ਟਪਕਦੀ ਸੀ। ਕੋਈ ਮੈਂਬਰ ਐਸਾ ਨਹੀਂ ਸੀ, ਜੋ ਗਰੈਜੂਏਟ ਨਾ ਹੋਵੇ। ਹਰ ਇਕ ਮੈਂਬਰ ਨੂੰ ਪੰਜ ਸਾਲ ਦੀ ਕਿਤਾਬੀ ਤੇ ਅਮਲੀ ਸਿਖਸ਼ਾ ਮਗਰੋਂ ਭਗਵੇ ਕਪੜੇ ਪਹਿਨਣ ਦੀ ਆਗਿਆ ਮਿਲਦੀ ਹੈ। ਦਿਨ-ਰਾਤ ਆਪਣੀ ਆਤਮਕ ਉਨਤੀ ਤੇ ਸਾਧਨਾਂ ਤੋਂ ਇਲਾਵਾ ਇਹ ਮੈਂਬਰ ਪਬਲਿਕ ਦੀ ਕਈ ਪ੍ਰਕਾਰ ਸੇਵਾ ਕਰਦੇ ਹਨ। ਬਰਮਾ ਤੋਂ ਆਏ ਸ਼ਰਨਾਰਥੀਆਂ ਦੀ ਸੇਵਾ ਉਸ ਸਮੇਂ ਇਹ ਮਿਸ਼ਨ ਬੜੀ ਚੰਗੀ ਤਰ੍ਹਾਂ ਕਰ ਰਿਹਾ ਸੀ। ਇਸੇ ਸਬੰਧ ਵਿਚ ਅਸੀਂ ਇਕ ਬਰਮਾ ਤੋਂ ਆਏ ਸ਼ਰਨਾਰਥੀ ਦੇ ਨਾਲ ਉਥੇ ਗਏ ਸੀ। ਮਿਸ਼ਨ ਦੇ ਸਵਾਮੀ ਡਬਲ ਐਮ. ਏ. ਸਨ। ਕਈ ਸਾਲਾਂ ਦੀ ਮਿਸ਼ਨ ਦੀ ਬੇ-ਗਰਜ਼ ਸੇਵਾ ਕਰਨ ਬਦਲੇ ਆਪ ਨੂੰ ਇਹ

ਪਦਵੀ ਮਿਲੀ ਸੀ। ਆਪ ਨੇ ਦਸਿਆ ਕਿ ਮਿਸ਼ਨ ਦੇ ਮਾਤਹਿਤ ਕਈ ਲਾਇਬ੍ਰੇਰੀਆਂ, ਦਸਤਕਾਰੀਆਂ ਅਤੇ ਹਸਪਤਾਲ ਚਲ ਰਹੇ ਹਨ। ਇਹ ਸਭ ਕੁਝ ਦੇਖ ਕੇ ਜੀਅ ਵਿਚ ਨਿਰਾਸਤਾ ਇਸ ਕਰ ਕੇ ਹੋਈ ਕਿ ਸਿਖਾਂ ਪਾਸ ਇਸ ਮਿਸ਼ਨ ਨਾਲੋਂ ਕਿਤੇ ਵਧੇਰੇ ਰੁਪਿਆ ਹੋਣ ਦੇ ਬਾਵਜੂਦ ਵੀ ਕਾਬਿਲ, ਵਿਦਵਾਨ ਤੇ ਉਚੀ ਦ੍ਰਿਸ਼ਟੀ ਵਾਲੇ ਗੁੰਥੀ ਜਾਂ ਪ੍ਰਚਾਰਕ ਨਹੀਂ।

ਸਾਨੂੰ ਆਸ ਹੈ ਸਾਡੀਆਂ ਇਹ ਸਤਰਾਂ ਕੌਮ ਦੇ ਦਾਨੀਆਂ ਅਤੇ ਵਡੀਆਂ ਕਮੇਟੀਆਂ ਦੇ ਮੈਂਬਰਾਂ ਤਕ ਪਹੁੰਚਣਗੀਆਂ ਅਤੇ ਉਹਨਾਂ ਦੇ ਖਿਆਲ ਨੂੰ ਇਸ ਜ਼ਰੂਰੀ ਮਾਮਲੇ ਵਲ ਪ੍ਰੇਰਨ ਵਿਚ ਸਫਲ ਹੋਣਗੀਆਂ।

ਸਾਡੇ ਸੰਤ

ਅਜਕਲ ਦੀ ਬੋਲੀ ਵਿਚ 'ਸੰਤ' ਆਤਮ ਵਿਗਿਆਨ ਦੇ ਮਾਸਟਰ ਨੂੰ ਆਖਦੇ ਹਨ। ਸੰਤ ਤੋਂ ਮੁਰਾਦ ਰੂਹਾਨੀ ਇਲਮ ਦਾ ਮਾਹਿਰ ਹੈ। ਸੰਤ ਵਾਸਤੇ, ਆਤਮ ਸਾਇੰਸ ਵਿਚ ਆਪ ਪ੍ਰਪੱਕ ਹੋਣ ਤੋਂ ਇਲਾਵਾ ਇਹ ਸਿਫਤ ਵੀ ਲਾਜ਼ਮੀ ਹੈ ਕਿ ਜੋ ਕੁਝ ਆਪ ਜਾਣਦਾ ਹੋਵੇ, ਉਹ ਇਸ ਮਾਰਗ ਤੇ ਚੱਲਣ ਵਾਲੇ ਯੋਗ ਮੁਸਾਫਰਾਂ ਨੂੰ ਸਮਝਾ ਸਕੇ। ਉਸ ਜਾਨਣ ਦਾ ਦੁਨੀਆਂ ਨੂੰ ਕੀ ਫਾਇਦਾ, ਜੋ ਜਾਨਣ ਵਾਲੇ ਦੇ ਹਿਰਦੇ ਵਿਚ ਲੁਕਿਆ ਹੀ ਰਹੇ ? ਸੰਤ ਵਿਚ ਆਪਣੇ ਮਜ਼ਮੂਨ ਨੂੰ, ਆਪਣੇ ਤੋਂ ਹੇਠਲੀਆਂ ਅਵਸਥਾਵਾਂ ਦੇ ਵਿਦਿਆਰਥੀਆਂ ਤਾਈਂ ਸਪਸ਼ਟ ਤੌਰ ਤੇ ਬਿਆਨ ਕਰਨ ਦੀ ਸਿਫਤ ਹੋਣੀ ਚਾਹੀਦੀ ਹੈ।

ਅਸੀਂ ਕਈ ਐਸੇ ਸੰਤ ਵੇਖੇ ਹਨ, ਜੋ ਆਪ ਬੜੀ ਉਚੀ ਅਵਸਥਾ ਵਿਚ ਵਿਚਰਦੇ ਸਨ, ਪਰ ਆਪਣੇ ਇਲਮ ਨੂੰ ਬਾ-ਦਲੀਲ ਤੇ ਵਿਗਿਆਨਕ ਤ੍ਰੀਕੇ ਵਿਚ ਸਮਝਾ ਨਹੀਂ ਸੀ ਸਕਦੇ। ਉਹ ਉਸੇ ਅਮੀਰ ਦੀ ਤਰ੍ਹਾਂ ਹਨ, ਜੋ ਆਪਣੀ ਦੌਲਤ ਨੂੰ ਆਪ ਤਾਂ ਖੂਬ ਵਰਤਦਾ ਹੈ, ਪਰ ਕਿਸੇ ਲੋੜਵੰਦ ਦੀ ਕਦੀ ਕੋਈ ਮਦਦ ਨਹੀਂ ਕਰ ਸਕਦਾ । ਇਸ ਅਵਸਥਾ ਦੇ ਸੰਤ ਦੋ ਕਿਸਮ ਦੇ ਹੁੰਦੇ ਹਨ, ਇਕ ਉਹ ਜੋ ਆਪ ਪਰਮ-ਸ਼ਾਂਤੀ ਨੂੰ ਪ੍ਰਾਪਤ

ਕਰ ਕੇ, ਦੂਸਰੇ ਸਾਥੀਆਂ ਨੂੰ ਜੋ ਪਰਮ ਸ਼ਾਂਤੀ ਦੀ ਤਲਾਸ਼ ਵਿਚ ਭਟਕ ਰਹੇ ਹੋਣ, ਉੱਕਾ ਭੁਲ ਜਾਂਦੇ ਹਨ। ਦੂਸਰੀ ਕਿਸਮ ਦੇ ਸੰਤ ਉਹ ਹੁੰਦੇ ਹਨ, ਜੋ ਚਾਹੁੰਦੇ ਤਾਂ ਹਨ ਕਿ ਦੂਜਿਆਂ ਦਾ ਭਲਾ ਵੀ ਕਰੀਏ, ਪਰ ਦੂਜਿਆਂ ਨੂੰ ਸਮਝਾਣ, ਦੂਜਿਆਂ ਦੇ ਸੱਚੇ ਸ਼ੰਕੇ ਨਵਿਰਤ ਕਰਨ ਦੇ ਯੋਗ ਨਹੀਂ ਹੁੰਦੇ, ਉਹ ਉਸ ਪਹਿਲਵਾਨ ਦੀ ਤਰ੍ਹਾਂ ਹੁੰਦੇ ਹਨ, ਜੋ ਆਪ ਤਾਂ ਵਰਜ਼ਿਸ਼ ਕਰ ਕੇ ਪੂਰਾ ਪਹਿਲਵਾਨ ਬਣ ਗਿਆ ਹੋਵੇ; ਪਰ ਪਹਿਲਵਾਨਗੀਰੀ ਸਬੰਧੀ ਆਪਣੇ ਖਿਆਲਾਂ ਨੂੰ ਕਾਮਯਾਬੀ ਨਾਲ ਪ੍ਰਗਟ ਨਾ ਕਰ ਸਕਦਾ ਹੋਵੇ।

ਹਰ ਇਕ ਇਲਮ ਸਬੰਧੀ ਉਸ ਇਲਮ ਦੇ ਉਸਤਾਦ ਵਾਸਤੇ, ਉਸ ਇਲਮ ਦਾ ਗਿਆਨ ਅਤੇ ਉਸ ਗਿਆਨ ਨੂੰ ਪ੍ਰਗਟ ਕਰਨ ਦੀ ਸ਼ਕਤੀ ਹੋਣੀ ਜ਼ਰੂਰੀ ਹੈ। ਇਸੇ ਤਰ੍ਹਾਂ ਆਤਮ ਸਾਇੰਸ ਦੇ ਉਸਤਾਦ ਵਾਸਤੇ ਇਸ ਇਲਮ ਨੂੰ ਚੰਗੀ ਤਰ੍ਹਾਂ ਸਮਝਣਾ ਅਤੇ ਦੂਸਰੇ ਯੋਗ ਸਿਖਾਂ ਨੂੰ ਸਮਝਾ ਸਕਣਾ, ਲਾਜ਼ਮੀ ਸਿਫਤਾਂ ਹਨ। ਅਸੀਂ ਇਸ ਸਬੰਧ ਵਿਚ 'ਯੋਗ ਸਿਖਾਂ' ਦਾ ਲਫਜ਼ ਇਸ ਵਾਸਤੇ ਵਰਤਦੇ ਹਾਂ ਕਿਉਂਕਿ ਦੁਨੀਆਂ ਦਾ ਹਰ ਮਨੁਖ ਆਤਮ ਸਾਇੰਸ ਸਿਖਣ ਦੇ ਯੋਗ ਨਹੀਂ ਹੁੰਦਾ। ਦੁਨੀਆਂ ਦਾ ਬਹੁਤਾ ਹਿੱਸਾ ਆਤਮ ਸਾਇੰਸ ਦੀ ਲੋੜ ਪ੍ਰਤੀਤ ਨਹੀਂ ਕਰਦਾ। ਸੰਤ ਦਾ ਕੰਮ ਇਨਸਾਨੀ ਤਬਕੇ ਦੇ ਉਸ ਹਿੱਸੇ ਦੀ ਮਦਦ ਕਰਨਾ ਹੁੰਦਾ ਹੈ, ਜੋ ਇੰਦ੍ਰੀਆਂ ਦੇ ਸੁਖਾਂ ਤੋਂ ਉਪਰਾਮ ਹੋ ਚੁਕਾ ਹੋਵੇ, ਜਿਸ ਦੀ ਨਿਗਾਹ ਵਿਚ ਇੰਦ੍ਰੀਆਂ ਦੇ ਸੁਖਾਂ ਤੋਂ ਅਗਾਹਾਂ ਕਿਸੇ ਉਚੇਰੇ ਸੁਖ ਦਾ ਝਾਉਲਾ ਪੈਣ ਲਗ ਪਿਆ ਹੋਵੇ ਅਤੇ ਜੋ ਆਪਣੀ ਪ੍ਰਸੰਨਤਾ ਵਾਸਤੇ,

ਇੰਦ੍ਰੀਆਂ ਦੇ ਸੁਖਾਂ ਨੂੰ ਕਾਫੀ ਨਾ ਸਮਝਦਾ ਹੋਵੇ। ਐਸੇ ਤਬਕੇ ਨੂੰ ਸੰਤ ਦੀ ਲੋੜ ਹੁੰਦੀ ਹੈ ਅਤੇ ਸੰਤ ਨੂੰ ਐਸੇ ਤਬਕੇ ਦੀ।

ਸੰਤ ਆਤਮ ਮਾਰਗ ਦੀਆਂ ਸਭ ਅਵਸਥਾਵਾਂ ਵਿਚੋਂ ਅੱਖਾਂ ਖੋਲ੍ਹ ਕੇ ਆਪ ਲੰਘਿਆ ਹੁੰਦਾ ਹੈ, ਇਸ ਕਰ ਕੇ ਇਸ ਮਾਰਗ ਦੀਆਂ ਸਭ ਦਿੱਕਤਾਂ, ਰੁਕਾਵਟਾਂ ਤੇ ਜ਼ਰੂਰਤਾਂ ਤੋਂ ਭਲੀ ਪ੍ਰਕਾਰ ਜਾਣੂ ਹੁੰਦਾ ਹੈ। ਇਸੇ ਕਰ ਕੇ ਆਪਣੇ ਸਾਥੀਆਂ ਨੂੰ ਪੂਰਨ ਅਗਵਾਈ ਦੇ ਸਕਦਾ ਹੈ।

ਸਿਖ ਕੌਮ ਵਿਚ ਇਸ ਵੇਲੇ ਬੜਾ ਘਾਟਾ ਇਸ ਬਾਤ ਦਾ ਹੈ ਕਿ ਉਪਰਲੀਆਂ ਸਿਫਤਾਂ ਵਾਲੇ ਸੰਤ ਕਿਤੇ ਟਾਵੇਂ ਹੀ ਨਜ਼ਰ ਆਉਂਦੇ ਹਨ। ਆਮ ਪ੍ਰਚਾਰਕਾਂ ਦਾ ਇਲਮ ਕੇਵਲ ਕਿਤਾਬੀ ਅਤੇ ਓਪਰਾ ਹੁੰਦਾ ਹੈ ਅਤੇ ਜੋ ਨਾਮ ਅਭਿਆਸੀ ਹਨ, ਉਹਨਾਂ ਦੀ ਬਿਆਨ ਕਰਨ ਦੀ ਸ਼ਕਤੀ ਬੜੀ ਕਮਜ਼ੋਰ ਹੁੰਦੀ ਹੈ। ਇਸ ਕਰ ਕੇ ਸਿਖਾਂ ਦਾ ਉਹ ਤਬਕਾ, ਜੋ ਇੰਦ੍ਰੀਆਂ ਦੇ ਸੁਖਾਂ ਤੋਂ ਕਿਸੇ ਉਚੇਰੇ ਸੁਖ ਦੀ ਭਾਲ ਵਿਚ ਭਟਕ ਰਿਹਾ ਹੈ, ਸੱਚੀ ਅਗ਼ਵਾਈ ਨਾ ਮਿਲਣ ਕਰ ਕੇ, ਬੜਾ ਨਿਰਾਸ ਤੇ ਡਾਵਾਂਡੋਲ ਹੋ ਰਿਹਾ ਹੈ।

ਸਾਡੇ ਗੁਰਪੁਰਬ

ਗੁਰਪੁਰਬ ਹਰ ਸਾਲ ਬੜੇ ਉਤਸ਼ਾਹ ਨਾਲ ਮਨਾਏ ਜਾਂਦੇ ਹਨ। ਹਰ ਸਾਲ ਗੁਰਪੁਰਬ ਕਮੇਟੀਆਂ ਬਣਦੀਆਂ, ਚੰਦੇ ਇਕੱਤ੍ਰ ਹੁੰਦੇ, ਜਲੂਸ ਨਿਕਲਦੇ, ਮੰਡਪ ਸਜਦੇ ਤੇ ਦੀਪਮਾਲਾ ਹੁੰਦੀਆਂ ਹਨ। ਰਾਗੀ ਕੀਰਤਨ ਨਾਲ, ਪ੍ਰਚਾਰਕ ਵਖਿਆਨਾਂ ਦਵਾਰਾ, ਕਵੀ ਕਵਿਤਾਵਾਂ ਨਾਲ, ਆਈਆਂ ਸੰਗਤਾਂ ਨੂੰ ਖੁਸ਼ ਕਰਦੇ ਹਨ। ਸਿਖ ਕੌਮ ਵਿਚ ਕੁਝ ਦਿਨ ਗਹਿਮਾ-ਗਹਿਮ ਰਹਿੰਦੀ ਹੈ।

ਗੁਰੂਆਂ ਦੇ ਜਨਮ ਦਿਨ ਮਨਾਣੇ, ਉਹਨਾਂ ਦੀਆਂ ਜੀਵਨ ਕਥਾ ਦੁਹਰਾਣੀਆਂ, ਉਹਨਾਂ ਦੀਆਂ ਕੁਰਬਾਨੀਆਂ, ਘਾਲਾਂ, ਉਪਕਾਰਾਂ ਨੂੰ ਯਾਦ ਕਰਨਾ ਸਿਖਾਂ ਦੀਆਂ ਢਿਲੀਆਂ ਜੀਵਨ ਤਾਰਾਂ ਨੂੰ ਨਵੇਂ ਸਿਰਿਉਂ ਸੁਰ ਕਰਨਾ ਤੇ ਚੜ੍ਹਦੀਆਂ ਕਲਾਂ ਵਿਚ ਲਿਆਉਣਾ ਹੈ।

ਮੁਬਾਰਕ ਹਨ ਉਹ ਸੱਜਣ ਜਿਹੜੇ ਗੁਰਪੁਰਬਾਂ ਨੂੰ ਕਾਮਯਾਬ ਬਨਾਣ ਵਿਚ ਸੇਵਾ ਵਲੋਂ ਕੋਈ ਕਸਰ ਨਹੀਂ ਛਡਦੇ, ਮੁਬਾਰਕ ਹਨ ਉਹ ਮਿੱਤ੍ਰ ਜਿਹੜੇ ਦੀਵਾਨਾਂ ਵਿਚ ਇਕੱਤ੍ਰ ਹੋ ਕੇ ਗੁਰਪੁਰਬਾਂ ਦੀ ਰੌਣਕ ਵਧਾਂਦੇ ਹਨ।

ਇਹ ਸਭ ਕੁਝ ਕਰਨ ਨਾਲ ਵੀ, ਕੀ ਗੁਰਪੁਰਬ ਮਨਾਣ ਦਾ ਅਸਲ ਮਨੋਰਥ ਪੂਰਾ ਹੋ ਰਿਹਾ ਹੈ ? ਇਹ ਸਵਾਲ ਮੇਰੇ ਦਿਲ

ਵਿਚ ਕਈ ਵਾਰੀ ਪੈਦਾ ਹੋਇਆ ਹੈ। ਪਹਿਲੇ ਇਸ ਗੱਲ ਦਾ ਨਿਰਣਾ ਕਰਨਾ ਜ਼ਰੂਰੀ ਹੋਵੇਗਾ ਕਿ ਗੁਰਪੁਰਬ ਮੰਨਾਣ ਦਾ ਅਸਲ ਮਨੋਰਥ ਕੀ ਹੁੰਦਾ ਹੈ ? ਜਦ ਇਹ ਪਤਾ ਲਗ ਜਾਵੇ ਤਾਂ ਉਪਰਲੇ ਸਵਾਲ ਦਾ ਜਵਾਬ ਦੇਣਾ ਆਸਾਨ ਹੋਵੇਗਾ।

ਕਿਸੇ ਕੌਮ ਜਾਂ ਮੁਲਕ ਦਾ ਆਪਣੇ ਮਹਾਂਪੁਰਖਾਂ ਦੇ ਜਨਮ ਦਿਨ ਮਨਾਣ ਦਾ ਅਸਲ ਭਾਵ ਉਹਨਾਂ ਦੀ ਯਾਦ ਕਾਇਮ ਰਖਣਾ ਹੁੰਦਾ ਹੈ। ਯਾਦ ਕਾਇਮ ਰਖਣ ਦਾ ਅਸਲ ਭਾਵ ਇਹ ਹੁੰਦਾ ਹੈ ਕਿ ਕੌਮ ਜਾਂ ਮੁਲਕ ਵਿਚ ਮਹਾਂ-ਪੁਰਖ ਪੈਦਾ ਹੁੰਦੇ ਰਹਿਣ, ਅਲੋਪ ਨਾ ਹੋ ਜਾਣ। ਦੁਧ ਨੂੰ ਜਾਗ ਦਹੀਂ ਤੇ ਮੱਖਣ ਪੈਦਾ ਕਰਨ ਵਾਸਤੇ ਲਗਾਈ ਜਾਂਦੀ ਹੈ, ਮਹਾਂ-ਪੁਰਖਾਂ ਦੀ ਯਾਦ ਮੰਨਾਣੀ ਕੌਮ ਨੂੰ ਇਕ ਤਰ੍ਹਾਂ ਜਾਗ ਲਗਾਣੀ ਹੈ, ਕੌਮ ਵਿਚ ਮਹਾਂ-ਪੁਰਖ ਪੈਦਾ ਕਰਨ ਦਾ ਇਕ ਵਸੀਲਾ ਹੈ। ਜਿਸ ਕੌਮ ਜਾਂ ਮੁਲਕ ਵਿਚ ਮਹਾਂ-ਪੁਰਖ ਪੈਦਾ ਹੁੰਦੇ ਰਹਿਣ; ਉਥੇ ਬਜ਼ੁਰਗਾਂ ਦੀ ਯਾਦ ਠੀਕ ਤਰ੍ਹਾਂ ਮਨਾਈ ਜਾ ਰਹੀ ਸਮਝੋ ਤੇ ਜਿਥੇ ਇਹ ਨਤੀਜਾ ਪੈਦਾ ਨਾ ਹੋਵੇ ਉਥੇ ਕੌਮੀ ਯਾਦ ਮਨਾਣ ਵਿਚ ਜਾਂ ਕੌਮੀ ਪ੍ਰਚਾਰ ਵਿਚ ਕੋਈ ਕਸਰ ਜਾਂ ਨੁਕਸ ਹੁੰਦਾ ਹੈ।

ਸਿਖ ਕੌਮ ਅੰਦਰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਬਾਅਦ ਪੁਰਾਤਨ ਭਜਨੀਕ, ਗੁਰਮੁਖ, ਤਿਆਗੀ, ਪਰਉਪਕਾਰੀ, ਯੋਧੇ, ਮੁਕਾਬਲਤਨ ਬਹੁਤ ਘਟ ਪੈਦਾ ਹੋਏ ਹਨ, ਐਸੇ ਮਹਾਂਪੁਰਖ ਜਿਨ੍ਹਾਂ ਦੇ ਜੀਵਨ ਤੋਂ ਗੁਰੂ ਆਤਮਾ ਦੇ ਝਲਕਾਰੇ ਨਿਕਲਣ, ਵੇਖਣ

ਵਿਚ ਬਹੁਤ ਘਟ ਆਏ ਹਨ, ਜਿਸ ਤੋਂ ਪ੍ਰਗਟ ਹੁੰਦਾ ਹੈ ਕਿ ਗੁਰਸਿਖੀ ਦੇ ਮੌਜੂਦਾ ਪ੍ਰਚਾਰ ਵਿਚ ਕਿਤੇ ਨਾ ਕਿਤੇ ਕੋਈ ਕਸਰ ਹੈ।

ਆਓ, ਇਸ ਕਮੀ ਜਾਂ ਨੁਕਸ ਨੂੰ ਲੱਭਣ ਦੀ ਕੋਸ਼ਿਸ਼ ਕਰੀਏ। ਗੁਰੂ ਨਾਨਕ ਦੇਵ ਜੀ ਦਾ ਜਨਮ ਦਿਨ ਕਿਸੇ ਜਗ੍ਹਾ ਤੇ ਮਨਾਂਦੇ ਵੇਖੀਏ ਤਾਂ ਸਾਨੂੰ ਕੀ ਦਿਸੇਗਾ ? ਬੜੇ-ਬੜੇ ਸ਼ਾਹਾਨਾ ਤੰਬੂ, ਹਜ਼ਾਰਾਂ ਦੀ ਗਿਣਤੀ ਵਿਚ ਬੈਠੀਆਂ ਸੰਗਤਾਂ, ਜਗਮਗ-ਜਗਮਗ ਕਰਦੀ ਸਟੇਜ, ਸੁਨਹਿਰੀ ਤਖਤ ਉਤੇ ਤੇ ਜੜਾਊ ਛਬਿਆਂ ਦੀ ਚਾਨਣੀ ਹੇਠਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਤੇ ਲਾਊਡ ਸਪੀਕਰਾਂ ਰਾਹੀਂ ਬੋਲਦੇ ਪ੍ਰਚਾਰਕ। ਸਾਨੂੰ ਕੀ ਸੁਣਾਈ ਦੇਵੇਗਾ ? 'ਗੁਰੂ ਨਾਨਕ ਨਿਰੰਕਾਰੀ ਜੋਤ ਸੀ, ਆਪ ਅਵਤਾਰ ਸਨ, ਆਪ ਨੇ ਬਚਪਨ ਵਿਚ ਖਰਾ ਸੌਦਾ ਕੀਤਾ, ਜਦ ਸੌਂ ਗਏ ਤਾਂ ਆਪ ਦੇ ਸਿਰ ਤੇ ਸਰਪ ਨੇ ਛਾਇਆ ਕੀਤੀ, ਜਦ ਮੱਝਾਂ ਜੱਟ ਦੀ ਖੇਤੀ ਖਾ ਗਈਆਂ ਤਦ ਬਾਬੇ ਨੇ ਖੇਤੀ ਫੇਰ ਹਰੀ ਭਰੀ ਕਰ ਦਿਤੀ, ਰਾਏ ਬੁਲਾਰ ਤੇ ਵਡੇ-ਵਡੇ ਮੁਸਲਮਾਨ ਫਕੀਰਾਂ ਨੇ ਬਾਬਾ ਜੀ ਨੂੰ ਬਾਲਕ ਅਵਸਥਾ ਵਿਚ ਸਜਦਾ ਕੀਤਾ, ਆਪ ਨੇ ਵਲੀ ਕੰਧਾਰੀ ਦਾ ਹੰਕਾਰ ਤੋੜਿਆ, ਆਪ ਕਈ ਦਿਨ ਨਦੀ ਵਿਚ ਅਲੋਪ ਰਹੇ, ਆਪ ਨੇ ਮੱਕਾ ਭੁਆਇਆ, ਕਾਜ਼ੀ ਰੁਕਨਦੀਨ ਨੂੰ ਝੁਕਾਇਆ, ਸ਼ਹਿਨਸ਼ਾਹ ਬਾਬਰ ਨੂੰ ਨਿਵਾਇਆ, ਆਪ ਸਣੇ ਸਰੀਰ ਇਸ ਦੁਨੀਆਂ ਤੋਂ ਅਲੋਪ ਹੋ ਗਏ ਇਤਿਆਦਿ।' ਕਵੀ, ਲੈਕਚਰਾਰ, ਪ੍ਰਚਾਰਕ ਇਕ ਦੂਸਰੇ ਮਗਰੋਂ ਉਠ-ਉਠ ਕੇ ਗੁਰੂ ਬਾਬੇ ਦੀ

ਜੀਵਨ ਕਥਾ ਦੋਹਰਾਣਗੇ, ਸੰਗਤਾਂ ਸੁਣ-ਸੁਣ ਕੇ ਖੁਸ਼ ਹੋਣਗੀਆਂ, ਰਾਤ ਨੂੰ ਗੁਰਦੁਆਰਿਆਂ ਅਤੇ ਗੁਰਸਿਖਾਂ ਦੇ ਘਰ ਵਿਚ ਦੀਪਮਾਲਾ ਹੋਵੇਗੀ ਅਤੇ ਅਗਲੇ ਦਿਨ ਫੇਰ ਸਭ ਸੰਗਤਾਂ ਆਪੋ ਆਪਣੇ ਆਹਰਾਂ ਵਿਚ ਰੁਝ ਜਾਣਗੀਆਂ। ਇਸ ਪ੍ਰਚਾਰ ਦਾ ਸਾਡੇ ਤੇ ਕੀ ਅਸਰ ਹੋਵੇਗਾ ? ਅਸੀਂ ਗੁਰੂ ਬਾਬੇ ਨੂੰ ਪੂਰਨ ਅਵਤਾਰ ਮੰਨਾਂਗੇ, ਉਸ ਤੇ ਮਾਣ ਕਰਾਂਗੇ, ਉਸ ਵਰਗਾ ਕਿਸੇ ਵਲੀ ਅਵਤਾਰ ਨੂੰ ਨਹੀਂ ਸਮਝਾਂਗੇ। ਇਸ ਦਾ ਸਿੱਟਾ ਕੀ ਨਿਕਲੇਗਾ? ਏਹੋ ਹੀ, ਜੋ ਕੁਝ ਅਸੀਂ ਪਿਛਲੇ ਸੌ ਸਾਲ ਵਿਚ ਵੇਖਿਆ ਹੈ। ਅਸੀਂ 'ਪਿਦਰਮ ਸੁਲਤਾਨ ਬੂਦ' ਕਹਿਣਾ ਸਿਖ ਗਏ ਹਾਂ, ਗੁਰੂਆਂ, ਸ਼ਹੀਦਾਂ, ਸੂਰਮਿਆਂ ਤੇ ਮਾਣ ਕਰ ਸਕਦੇ ਹਾਂ, ਆਪਣੇ ਇਤਿਹਾਸ ਨੂੰ ਕੁਲ ਦੁਨੀਆਂ ਦੇ ਇਤਿਹਾਸ ਤੋਂ ਵਧੀਆ ਦਸ ਸਕਦੇ ਹਾਂ, ਪਰ ਆਪ ਉਥੇ ਦੇ ਉਥੇ ਖੜੇ ਹਾਂ, ਆਪਣੇ ਜੀਵਨ ਵਿਚ ਚੜ੍ਹਦੀ ਕਲਾ ਵਾਲੀ ਤਬਦੀਲੀ ਕੋਈ ਨਹੀਂ ਲਿਆ ਸਕੇ।

ਸਾਡੇ ਪ੍ਰਚਾਰ ਵਿਚ ਵਡੀ ਕਸਰ ਇਹ ਹੈ ਕਿ ਸਾਡੇ ਪ੍ਰਚਾਰਕ ਆਪਣੇ ਬਜ਼ੁਰਗਾਂ ਦੀਆਂ ਖੂਬੀਆਂ ਤੇ ਨਾਜ਼ ਕਰ ਸਕਦੇ ਹਨ, ਉਨ੍ਹਾਂ ਦੇ ਕਾਰਨਾਮੇ ਯਾਦ ਕਰਾ ਕੇ ਸੰਗਤਾਂ ਨੂੰ ਖੁਸ਼ ਕਰ ਸਕਦੇ ਹਨ, ਪਰ ਇਹਨਾਂ ਖੂਬੀਆਂ ਦੇ ਹਾਸਲ ਕਰਨ ਦੀ ਨਾ ਖੁਦ ਕੋਈ ਜੁਗਤੀ ਜਾਣਦੇ ਹਨ ਤੇ ਨਾ ਲੋਕਾਂ ਨੂੰ ਦਸਣ ਦੀ ਕੋਸ਼ਿਸ਼ ਕਰਦੇ ਹਨ। ਅਸੀਂ ਗੁਰੂ ਨਾਨਕ ਦੇਵ ਜੀ ਦੇ ਰੇਠਿਆਂ ਨੂੰ ਮਿਠਾ ਕਰਨ, ਜਾਂ ਕੌਡੇ ਰਾਖਸ਼ ਨੂੰ ਗੁਰਸਿਖ ਬਨਾਣ ਦੀਆਂ ਸਾਖੀਆਂ ਬੜੀ ਖੂਬੀ ਨਾਲ ਬਿਆਨ ਕਰ ਸਕਦੇ ਹਾਂ, ਪਰ ਉਸ ਸ਼ਕਤੀ ਸਬੰਧੀ, ਜਿਸ

ਦੇ ਪ੍ਰਤਾਪ ਨਾਲ ਗੁਰੂ ਬਾਬਾ ਜੀ ਅਕਲ-ਚਕ੍ਰਿਤ ਕਰਨ ਵਾਲੇ ਕੰਮ ਕਰਦੇ ਸੀ, ਨਾ ਕੁਝ ਆਪ ਜਾਣਦੇ ਹਾਂ ਤੇ ਨਾ ਸੰਗਤਾਂ ਨੂੰ ਦਸਦੇ ਹਾਂ। ਮਹਾਂ-ਪੁਰਖ ਪੈਦਾ ਕਿਸ ਤਰ੍ਹਾਂ ਹੋਣ ?

ਇਕ ਹਵਾਈ ਜਹਾਜ਼ ਦੀ ਤਾਰੀਫ ਕਰ ਕੇ ਦੱਸਣ ਨਾਲ ਹਵਾਈ ਜਹਾਜ਼ ਦੇ ਬਨਾਣ ਦਾ ਵੱਲ ਨਹੀਂ ਆ ਸਕਦਾ। ਹਵਾਈ ਜਹਾਜ਼ ਦੇ ਬਨਾਣ ਵਾਸਤੇ ਸਾਰੀ ਜ਼ਰੂਰੀ ਇੰਜਨੀਅਰਿੰਗ ਵਿਦਿਆ ਦਾ ਆਉਣਾ ਜ਼ਰੂਰੀ ਹੈ। ਕਿਸੇ ਮਹਾਂਪੁਰਖ ਦੀਆਂ ਨਿਰੀਆਂ ਤਾਰੀਫਾਂ ਕਰੀ ਜਾਣ ਨਾਲ, ਮਹਾਂਪੁਰਖ ਬਣ ਨਹੀਂ ਜਾਈਦਾ। ਮਹਾਂਪੁਰਖ ਬਣਨ ਵਾਸਤੇ, ਮਹਾਂਪੁਰਖ ਦੀ ਜੀਵਨ-ਜਾਚ ਆਉਣੀ ਚਾਹੀਦੀ ਹੈ, ਉਸ ਦੀਆਂ ਖੂਬੀਆਂ ਪ੍ਰਾਪਤ ਕਰਨ ਵਾਸਤੇ ਉਚੇਰੇ ਜਤਨ ਕਰਨ ਦੀ ਲੋੜ ਹੁੰਦੀ ਹੈ।

ਇਸ ਲੇਖ ਦਾ ਇਹ ਭਾਵ ਕੱਢਣਾ ਮੂਰਖਤਾ ਹੋਵੇਗੀ ਕਿ ਮਹਾਂਪੁਰਖਾਂ ਦੀ ਜੀਵਨ-ਕਥਾ ਸੁਣਨ ਜਾਂ ਉਹਨਾਂ ਦੇ ਜਸ ਕਰਨ ਦਾ ਕੋਈ ਲਾਭ ਹੈ ਹੀ ਨਹੀਂ ਤੇ ਐਸਾ ਕਰਨਾ ਛਡ ਦੇਣਾ ਚਾਹੀਦਾ ਹੈ। ਮਹਾਂਪੁਰਖਾਂ ਦੇ ਜਸ ਕਰਨ ਨਾਲ ਮਹਾਂਪੁਰਖ ਬਣਨ ਦੀ ਰੀਝ ਉਪਜ ਸਕਦੀ ਹੈ, ਇਸ ਤੋਂ ਅਗੇ ਨਿਰੇ ਜਸ ਕਰੀ ਜਾਣੇ ਕਾਫੀ ਨਹੀਂ ਹੁੰਦੇ। ਮਹਾਂਪੁਰਖ ਬਣ ਤਦੇ ਹੀ ਸਕੀਦਾ ਹੈ, ਜਦ ਮਹਾਂਪੁਰਖਾਂ ਦੀ ਵਡਿਆਈ ਦਾ ਭੇਦ ਲਭ ਕੇ ਉਸ ਨੂੰ ਪੂਰੇ ਤੌਰ ਤੇ ਵਰਤੋਂ ਵਿਚ ਲਿਆਇਆ ਜਾਵੇ।

ਸਾਡੇ ਬਜ਼ੁਰਗਾਂ ਨੂੰ ਜੀਵਨ ਭੇਤ ਦਾ ਪਤਾ ਸੀ, ਜਿਸ ਕਰਕੇ

ਉਹਨਾਂ ਅਮਰ ਪਦਵੀਆਂ ਪ੍ਰਾਪਤ ਕੀਤੀਆਂ। ਇਹ ਜੀਵਨ ਭੇਤ ਕੀ ਹੈ ? ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਜੀਵਨ-ਭੇਤ ਨੂੰ ਸਪਸ਼ਟ ਅਖਰਾਂ ਵਿਚ ਖੋਲ੍ਹ ਕੇ ਦਸਿਆ ਗਿਆ ਹੈ, ਪਰ ਸਾਡੀ ਹਾਲਤ ਐਸੀ ਅਧੋਗਤੀ ਨੂੰ ਜਾ ਰਹੀ ਹੈ ਕਿ ਆਪਣੇ ਘਰ ਵਿਚ ਸਭ ਕੁਝ ਹੁੰਦਿਆਂ ਸੁੰਦਿਆਂ, ਉਸ ਤੋਂ ਕੋਈ ਲਾਭ ਨਹੀਂ ਉਠਾਉਂਦੇ।

ਇਹ ਜੀਵਨ-ਜੁਗਤੀ ਸਰਬ-ਸ਼ਕਤੀਆਂ ਦੀ ਸ਼ਕਤੀ, ਮਹਾਂ-ਸ਼ਕਤੀ, ਅਕਾਲ, ਅਜੂਨੀ ਵਾਹਿਗੁਰੂ ਨਾਲ ਇਕ ਹੋ ਜਾਣ ਦਾ ਵੱਲ ਹੈ, ਜਿਸ ਨੂੰ ਅੰਗਰੇਜ਼ੀ ਜ਼ਬਾਨ ਵਿਚ "To be in tune with the Infinite.' ਆਖਦੇ ਹਨ। ਵਾਹਿਗੁਰੂ ਨਾਲ ਜੁੜਿਆਂ, ਇਕਸੁਰ ਹੋਇਆਂ, ਉਸ ਦੀਆਂ ਸਾਰੀਆਂ ਤਾਕਤਾਂ, ਸਾਰੇ ਗੁਣ, ਮਨੁਖ ਵਿਚ ਖੁਦ-ਬਖੁਦ ਪ੍ਰਵੇਸ਼ ਕਰ ਜਾਂਦੇ ਹਨ। ਸਾਧਾਰਨ ਮਨੁਖ ਮਹਾਂਪੁਰਖ ਬਣ ਜਾਂਦਾ ਹੈ। ਇਸ ਜੀਵਨ ਦਾ ਭੇਦ ਸਾਡੇ ਬਜ਼ੁਰਗਾਂ ਨੂੰ ਪਤਾ ਸੀ ਅਤੇ ਉਹ ਇਸ ਤੋਂ ਸਦਾ ਲਾਭ ਉਠਾਂਦੇ ਸਨ। ਜਿਸ ਦਰਖਤ ਦੀਆਂ ਜੜ੍ਹਾਂ ਪਾਣੀ ਨਾਲ ਮਿਲੀਆਂ ਰਹਿਣ, ਉਸ ਦਾ ਤਨਾ, ਟਹਿਣੀਆਂ ਤੇ ਪੱਤੇ ਸਦਾ ਹਰੇ ਭਰੇ ਰਹਿੰਦੇ ਹਨ, ਕਦੀ ਨਹੀਂ ਸੁਕਦੇ । ਵਾਹਿਗੁਰੂ, ਅਕਾਲ ਪੁਰਖ ਨਾਲ ਇਕ ਹੋਣਾ ਜੀਵਨ ਕਲਾ ਨੂੰ ਪ੍ਰਫੁਲਤ ਰਖਣਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਨ ਇਸ ਵਾਸਤੇ ਜਾਦੂ ਦਾ ਅਸਰ ਰਖਦੇ ਸਨ ਕਿ ਉਹਨਾਂ ਦੇ ਪਿਛੇ ਸਰਬ-ਸ਼ਕਤੀਮਾਨ ਵਾਹਿਗੁਰੂ ਦੀ ਅਹਿੱਲ ਸ਼ਕਤੀ ਹੁੰਦੀ ਸੀ। ਉਹਨਾਂ ਦੀ ਤੱਕਣੀ

ਵਿਚ ਇਕ ਮਿਕਨਾਤੀਸੀ ਕਸ਼ਸ਼ ਹੁੰਦੀ ਸੀ, ਜਿਸ ਦੇ ਸਾਹਮਣੇ ਸ਼ਾਹ, ਫਕੀਰ, ਸਿਧ, ਵਲੀ, ਰਾਖਸ਼, ਠੱਗ ਅਵਸ਼ ਝੁਕ ਜਾਂਦੇ ਸਨ। ਗੁਰੂ ਨਾਨਕ ਦੇਵ ਜੀ ਦਾ ਵਡਾ ਸਤਿਕਾਰ, ਸਿਖਾਂ ਲਈ ਇਸ ਅਕਾਲ ਸ਼ਕਤੀ ਨੂੰ ਆਪਣੇ ਅੰਦਰ ਪ੍ਰਗਟ ਕਰਨਾ ਹੈ ਤੇ ਗੁਰਪੁਰਬਾਂ ਦਾ ਅਸਲ ਮਨੋਰਥ ਇਹੋ ਹੈ।

ਕਿਸੇ ਖਜ਼ਾਨੇ ਦਾ ਪਤਾ ਅਗਰ ਕਿਸੇ ਕਾਗਜ਼ ਤੇ ਨਕਸ਼ਾ ਖਿਚ ਕੇ ਦਸਿਆ ਹੋਵੇ ਤਾਂ ਉਸ ਕਾਗਜ਼ ਨੂੰ ਸੰਭਾਲ ਕੇ, ਰੁਮਾਲਾਂ ਵਿਚ ਲਪੇਟ ਕੇ ਰਖਿਆਂ ਸਾਰੀ ਉਮਰ ਖਜ਼ਾਨਾ ਪ੍ਰਾਪਤ ਨਹੀਂ ਹੋਵੇਗਾ। ਉਹ ਕਾਗਜ਼ ਸਾਨੂੰ ਚੰਗਾ ਲਗ ਸਕਦਾ ਹੈ, ਕਿਉਂਕਿ ਉਸ ਉਤੇ ਖਜ਼ਾਨੇ ਤਕ ਪਹੁੰਚਣ ਦਾ ਰਸਤਾ ਤੇ ਖਜ਼ਾਨੇ ਨੂੰ ਪ੍ਰਾਪਤ ਕਰਨ ਸਬੰਧੀ ਹਿਦਾਇਤਾਂ ਲਿਖੀਆਂ ਹਨ, ਪਰ ਖਜ਼ਾਨਾ ਉਦੋਂ ਤਕ ਦੂਰ ਹੈ, ਜਦ ਤਕ ਉਸ ਕਾਗਜ਼ ਤੇ ਲਿਖੇ ਅਨੁਸਾਰ ਯਤਨ ਕਰ ਕੇ ਉਸ ਖਜ਼ਾਨੇ ਨੂੰ ਪ੍ਰਾਪਤ ਨਾ ਕੀਤਾ ਜਾਵੇ। ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਸਿਖਾਂ ਦਾ ਆਮ ਤੌਰ ਤੇ ਕੁਝ ਇਹੋ ਜਿਹਾ ਸਲੂਕ ਨਹੀਂ ?

ਵਾਹਿਗੁਰੂ ਨਾਲ ਇਕ ਹੋਣ ਦਾ ਸਭ ਤੋਂ ਉਤਮ ਸਾਧਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿਮਰਨ ਅਭਿਆਸ ਜਾਂ ਨਾਮ ਕਮਾਈ ਲਿਖਿਆ ਹੈ। ਅਸੀਂ ਵਡੇ ਵਡੇ ਦੀਵਾਨ ਲਗਾ ਕੇ ਹੋਰ ਸਭ ਕੁਝ ਕਹਿ ਸੁਣ ਸਕਦੇ ਹਾਂ, ਪਰ ਸਿਮਰਨ ਅਭਿਆਸ ਦਾ ਜ਼ਿਕਰ ਤਕ ਕਿਤੇ ਨਹੀਂ ਕਰਦੇ। ਦੀਵਾਨਾਂ ਵਿਚ ਸਿਮਰਨ ਅਭਿਆਸ ਦਾ

ਜ਼ਿਕਰ ਤਕ ਨਾ ਹੋਣਾ, ਸਾਰੀ ਜੰਞ ਇਕਤ੍ਰ ਕਰ ਕੇ, ਲਾਵਾਂ ਫੇਰੇ ਲੀਤੇ ਬਗੈਰ ਘਰਾਂ ਨੂੰ ਵਾਪਸ ਚਲੇ ਜਾਣ ਵਾਲੀ ਗੱਲ ਹੈ।

ਸਿਖ ਕੌਮ ਵਿਚ ਮਹਾਂਪੁਰਖ, ਨਿਰਭੈ, ਤਿਆਗੀ, ਪਰ-ਉਪਕਾਰੀ, ਸੂਰਬੀਰ ਜੋਧੇ ਉਦੋਂ ਤਕ ਹੀ ਪੈਦਾ ਹੁੰਦੇ ਰਹੇ ਹਨ, ਜਦ ਤਕ ਵਾਹਿਗੁਰੂ ਅਕਾਲ ਪੁਰਖ ਨਾਲ ਜੁੜ ਕੇ ਉਸ ਦੀਆਂ ਸਭ ਸ਼ਕਤੀਆਂ ਆਪਣੇ ਆਪ ਵਿਚ ਜਜ਼ਬ ਕਰਨ ਦੇ ਤ੍ਰੀਕਿਆਂ ਦਾ ਖੁਲ੍ਹਮ-ਖੁਲ੍ਹਾ ਪ੍ਰਚਾਰ, ਪੂਰਨ ਅਭਿਆਸੀਆਂ, ਸਿਮਰਨ ਕਮਾਈਆਂ ਕਰਨ ਵਾਲੇ ਸੰਤ ਪੁਰਖਾਂ ਦੀ ਰਾਹੀਂ ਹੁੰਦਾ ਰਿਹਾ ਹੈ। ਜਦ ਤੋਂ ਇਹ ਪ੍ਰਚਾਰ ਬੰਦ ਹੋਇਆ ਹੈ, ਕੌਮੀ ਪਨੀਰੀ, 'ਜੀਵਨ ਸੋਮੇਂ ਅਕਾਲ ਪੁਰਖ ਤੋਂ ਨਿਖੜ ਕੇ ਸੁਕਦੀ ਗਈ ਹੈ। ਕੌਮ ਵਿਚ ਮਹਾਂਪੁਰਖ ਪੈਦਾ ਕਰਨ ਦਾ ਕੇਵਲ ਇਕੋ ਉਪਾਅ ਹੈ, ਸਿਮਰਨ ਅਭਿਆਸ ਤੇ ਨਾਮ ਦੀ ਮਹਿਮਾ ਦਾ ਬੜਾ ਜ਼ੋਰਦਾਰ ਪ੍ਰਚਾਰ ।

ਗੁਰਪੁਰਬ ਮਨਾਣੇ ਉਦੋਂ ਜ਼ਿਆਦਾ ਸਫਲ ਹੋਣਗੇ, ਜਦ ਗੁਰੂ ਸਾਹਿਬਾਨ ਦੀਆਂ ਸਿਫਤਾਂ ਜਾਂ ਸ਼ਕਤੀਆਂ ਬਿਆਨ ਕਰਨ ਦੇ ਨਾਲ ਨਾਲ ਇਨ੍ਹਾਂ ਸਿਫਤਾਂ ਜਾਂ ਸ਼ਕਤੀਆਂ ਨੂੰ ਹਾਸਲ ਕਰਨ ਦੇ ਸਾਧਨਾਂ ਵਲ ਵੀ ਸੰਗਤਾਂ ਦਾ ਧਿਆਨ ਦਿਵਾਇਆ ਜਾਵੇਗਾ।

ਰੇਲ ਗੱਡੀਆਂ ਨੂੰ ਅਸਲ ਵਿਚ ਖਿੱਚਣ ਵਾਲਾ ਇੰਜਨ ਨਹੀਂ ਹੁੰਦਾ, ਬਲਕਿ ਇੰਜਨ ਵਿਚ ਇਕੱਠੀ ਕੀਤੀ ਭਾਫ ਦੀ ਸੂਖਸ਼ਮ ਤਾਕਤ ਹੁੰਦੀ ਹੈ। ਬਾਬੇ ਨਾਨਕ ਜੀ ਦੀ ਸਾਰੀ ਵਡਿਆਈ ਉਹਨਾਂ ਦੇ ਹਿਰਦੇ ਵਿਚ ਸਰਬ-ਸ਼ਕਤੀਮਾਨ ਪਰਮਾਤਮਾ ਦਾ ਅਠੇ ਪਹਿਰ

ਨਿਵਾਸ ਸੀ, ਜਿਸ ਦੇ ਪੂਰਨ ਗਿਆਨ ਦੇ ਪਰਤਾਪ ਨਾਲ, ਆਪ ਹਜ਼ਾਰਾਂ ਮੀਲਾਂ ਤੇ ਬੈਠੇ, ਬੇਬੇ ਨਾਨਕੀ ਦੇ ਦਿਲ ਦੀ ਨਿੰਮ੍ਹੀ ਆਵਾਜ਼ ਸੁਣ ਕੇ, ਅੱਖ ਦੇ ਫੋਰ ਵਿਚ ਸਣੇ ਮਰਦਾਨੇ ਆਪਣੇ ਨਗਰ ਆ ਪਹੁੰਚਦੇ ਸਨ।

ਹੋਣਹਾਰ ਪੁਤਰ ਆਪਣੇ ਪਿਤਾ ਦੀਆਂ ਢਾਡੀਆਂ ਵਾਂਗ ਤਾਰੀਫਾਂ ਕਰਦੇ ਨਹੀਂ ਫਿਰਦੇ, ਕਿਸੇ ਅਮੀਰ ਦਾ ਪੁਤਰ ਇਹ ਕਹਿੰਦਾ ਨਹੀਂ ਵੇਖਿਆ ਕਿ ਉਸ ਦੇ ਪਿਤਾ ਦੇ ਐਨੇ ਨੌਕਰ, ਐਨੇ ਘੋੜੇ, ਐਨੇ ਕੁੱਤੇ, ਐਨੀਆਂ ਮੋਟਰਾਂ ਤੇ ਐਨੀਆਂ ਕੋਠੀਆਂ ਹਨ। ਪੁਤਰ ਦਾ ਫਰਜ਼ ਪਿਤਾ ਦੇ ਗੁਣ ਗਾਉਣੇ ਨਹੀਂ ਹੁੰਦਾ, ਉਨ੍ਹਾਂ ਗੁਣਾਂ ਨੂੰ ਗ੍ਰਹਿਣ ਕਰਨਾ ਹੁੰਦਾ ਹੈ। ਪਿਤਾ ਵਾਲੇ ਕੰਮ ਕਰਨੇ ਪਿਤਾ ਦੀ ਥਾਂ ਪੂਰੀ ਕਰਨੀ, ਪਿਤਾ ਦੀ ਨੁਮਾਇੰਦਗੀ ਕਰਨੀ, ਸਪੁਤ੍ਰ ਦੀ ਨਿਸ਼ਾਨੀ ਹੈ। ਸਿਖਾਂ ਦੇ ਜੀਵਨ ਵਿਚੋਂ ਗੁਰੂ-ਪਿਤਾ ਦੀ ਉਚਤਾ ਦੇ ਝਲਕਾਰੇ ਪੈਣੇ ਚਾਹੀਦੇ ਹਨ। ਗੁਰਪੁਰਬ ਮਨਾਣ ਦਾ ਐਸੇ ਜੀਵਨ ਪੈਦਾ ਕਰਨਾ ਹੀ ਮੁਖ ਮੰਤਵ ਹੈ।

'ਗੁਰਸਿਖ ਮੀਤ ਚਲਹੁ ਗੁਰ ਚਾਲੀ।'

ਸਾਡੇ ਲੀਡਰ

ਸਿਖ ਕੌਮ ਦੇ ਇਤਿਹਾਸ ਵਿਚ ਅਜ ਤਕ ਲੀਡਰ ਉਹ ਬਣਦਾ ਰਿਹਾ ਹੈ, ਜਿਸ ਦਾ ਆਤਮਕ ਜੀਵਨ ਆਮ ਸਿਖਾਂ ਨਾਲੋਂ ਉਚਾ ਤੇ ਸੁਚਾ ਹੋਵੇ। ਜਿਸ ਦੀ ਸੇਵਾ, ਪ੍ਰੇਮ, ਨਿਮਰਤਾ, ਕੁਰਬਾਨੀ, ਅਸੂਲ ਪ੍ਰਸਤੀ, ਦਾਨਾਈ ਤੇ ਤਿਆਗ ਆਮ ਸਿਖਾਂ ਨਾਲੋਂ ਵਧੀਆ ਹੋਵੇ। ਲੀਡਰ ਦੀਆਂ ਜ਼ਾਤੀ ਸਿਫਤਾਂ ਉਸ ਦੇ ਲੀਡਰ ਬਣਨ ਦਾ ਕਾਰਨ ਹੋਇਆ ਕਰਦੀਆਂ ਸਨ। ਸਭ ਤੋਂ ਵਡੀ ਸਿਫਤ ਪਿਛੇ ਸਾਡੇ ਲੀਡਰਾਂ ਵਿਚ ਇਹ ਹੁੰਦੀ ਸੀ ਕਿ ਉਹਨਾਂ ਨੂੰ ਲੀਡਰੀ ਕਰਨ ਦਾ ਉਕਾ ਖਿਆਲ ਨਹੀਂ ਸੀ ਹੁੰਦਾ। ਉਹਨਾਂ ਦੇ ਦਿਲ ਵਿਚ ਚਾਅ ਹੁੰਦਾ ਸੀ ਤਾਂ ਆਪਣੀ ਆਤਮਕ ਉਨਤੀ ਦਾ, ਅਤੇ ਆਤਮਕ ਉਨਤੀ ਉਹ ਨਿਰਮਾਣ ਸੇਵਾ, ਪ੍ਰੇਮ ਤੇ ਤਿਆਗ ਦੇ ਜ਼ਰੀਏ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਿਆ ਕਰਦੇ ਸਨ।

ਸਾਡੇ ਲੀਡਰਾਂ ਦੇ ਪਿਛੇ ਚੁਣੇ ਜਾਣ ਦੇ ਹੋਰ ਵੀ ਤ੍ਰੀਕੇ ਸਨ। ਸਾਨੂੰ ਯਾਦ ਹੋਣਾ ਹੈ ਕਿ ਅਸੀਂ ਨਵਾਬ ਕਪੂਰ ਸਿੰਘ ਜੀ ਦੀ ਚੋਣ ਕਿਵੇਂ ਕੀਤੀ ਸੀ। ਵੋਟਾਂ ਪਾ ਕੇ? ਹਰਗਿਜ਼ ਨਹੀਂ, ਫੇਰ ਕਿਵੇਂ ? ਜੰਗਲ ਵਿਚ ਦੀਵਾਨ ਸਜਿਆ ਹੋਇਆ ਸੀ ਤੇ ਰਾਗੀ ਸਿੰਘ ਕੀਰਤਨ ਕਰ ਰਹੇ ਸਨ, ਸੰਗਤਾਂ ਦੀ ਸੁਰਤ ਇਕ ਟਿਕ ਅਕਾਲ ਪੁਰਖ ਦੇ ਚਰਨਾਂ ਵਿਚ ਲੀਨ ਸੀ। ਰਾਗੀ ਸਿੰਘਾਂ ਦੇ ਸਾਜ਼ਾਂ ਦੀ

ਮਧੁਰ ਧੁਨੀ ਦੇ ਨਾਲ ਨਾਲ ਕੋਈ ਇਹੋ ਜਿਹਾ ਵੈਰਾਗਮਈ ਸ਼ਬਦ ਗਾਇਆ ਜਾ ਰਿਹਾ ਸੀ।

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ।
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ।
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ।
ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ।
ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ।
ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ।
ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ।
ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ।
ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ।

—ਵਾਰ ਆਸਾ—ਸਲੋਕ ਮ: ੧

ਫੇਰ ਕੀ ਹੋਇਆ ? ਮੁਸਲਮਾਨਾਂ ਵਲੋਂ ਖਾਲਸੇ ਨੂੰ ਪੇਸ਼ ਕੀਤੀ ਜਾਗੀਰ ਤੇ ਨਵਾਬੀ ਦਾ ਖਿਤਾਬ ਲੈ ਕੇ ਆਦਮੀ ਹਾਜ਼ਰ ਹੋਇਆ, ਤਾਕਿ ਖਾਲਸਾ ਆਪਣੇ ਵਿਚੋਂ ਜਿਸ ਨੂੰ ਯੋਗ ਸਮਝੇ ਇਹ ਜਾਗੀਰ ਤੇ ਖਿਤਾਬ ਦੇਵੇ। ਜਾਗੀਰ ਤੇ ਨਵਾਬੀ? ਹਾਂ ਜੀ, ਜਾਗੀਰ ਤੇ ਨਵਾਬੀ। ਫੇਰ ਕੀ ਹੋਇਆ ? ਉਸ ਦੀਵਾਨ ਦੇ ਜਥੇਦਾਰ ਸਾਹਿਬ ਨੇ ਇਹ ਸਭ ਕੁਝ ਹੜੱਪ ਕਰ ਲਿਆ ਹੋਣਾ ਏ? ਹਰਗਿਜ਼ ਨਹੀਂ। ਕੀਰਤਨ ਦੀ ਸਮਾਪਤੀ ਮਗਰੋਂ ਜਥੇਦਾਰ ਨੇ ਸੰਗਤਾਂ ਨੂੰ ਮੁਸਲਮਾਨਾਂ ਵਲੋਂ ਖਾਲਸੇ ਨੂੰ ਪੇਸ਼ ਕੀਤੀ ਗਈ ਜਾਗੀਰ ਤੇ

ਨਵਾਬੀ ਦੇ ਭੇਟਾ ਦੀ ਖਬਰ ਹੱਥ ਜੋੜ ਕੇ ਸੁਣਾ ਦਿਤੀ ਤੇ ਆਖਿਆ ਕਿ ਉਹ ਖੁਦ ਤਾਂ ਏਸ ਚੀਜ਼ ਨੂੰ ਕਦਾਚਿਤ ਲੈਣ ਵਾਸਤੇ ਤਿਆਰ ਨਹੀਂ, ਸੰਗਤ ਇਹ ਭੇਟਾ, ਜਿਸ ਨੂੰ ਦੇਣੀ ਚਾਹੇ, ਦੇ ਦੇਵੇ। ਫੇਰ ਕੀ ਹੋਇਆ ? ਸੰਗਤਾਂ ਨੇ ਮਸਤ ਆਵਾਜ਼ੇ ਵਿਚ ਜਥੇਦਾਰ ਸਾਹਿਬ ਨੂੰ ਜਵਾਬ ਦਿਤਾ ਕਿ ਏਥੇ ਬੈਠਾ ਹੋਇਆ ਕੋਈ ਸਿੰਘ ਏਸ ਜਾਗੀਰ ਤੇ ਨਵਾਬੀ ਦੇ ਖਿਤਾਬ ਨੂੰ ਲੈਣ ਵਾਸਤੇ ਤਿਆਰ ਨਹੀਂ। ਕੀ ਇਕ ਸਿੰਘ ਵੀ ਨਾ ਨਿਕਲਿਆ, ਜਿਸ ਆਖਿਆ ਹੋਵੇ ਕਿ ਭੁਖੇ ਤਿਹਾਏ ਮਾਰੋ-ਮਾਰ ਕਰਦੇ ਜੰਗਲ ਵਿੱਚ ਜੀਵਨ ਬਤੀਤ ਕਰਨ ਨਾਲੋਂ ਚਲੋ ਨਵਾਬ ਬਣ ਕੇ, ਜਾਗੀਰ ਦਾ ਆਨੰਦ ਤਾਂ ਵੇਖ ਲਈਏ ? ਜੀ ਹਾਂ, ਇਕ ਵੀ ਸਿੰਘ ਨਾ ਨਿਕਲਿਆ, ਜਿਸ ਨੇ ਇੰਞ ਸੋਚਿਆ ਹੋਵੇ। ਫੇਰ ਕੀ ਹੋਇਆ, ਨਵਾਬੀ ਤੇ ਜਾਗੀਰ ਮੋੜ ਦਿਤੀ ਗਈ ? ਨਹੀਂ ਅਤੇ ਉਹ ਇਸ ਕਰ ਕੇ ਕਿ ਸ੍ਰਦਾਰ ਸੁਬੇਗ ਸਿੰਘ ਮੁਸਲਮਾਨਾਂ ਦੇ ਸਿਖ ਕੋਤਵਾਲ, ਇਕ ਸਿਖ ਦੀ ਹੈਸੀਅਤ ਵਿਚ, ਮੁਸਲਮਾਨਾਂ ਨੂੰ ਭਰੋਸਾ ਦਿਵਾ ਕੇ ਆਏ ਸਨ ਕਿ ਖਾਲਸਾ ਉਹਨਾਂ ਦੀ ਹੱਥੀਂ ਭੇਜੀ ਗਈ ਜਾਗੀਰ ਨਹੀਂ ਮੋੜੇਗਾ। ਜੇ ਇਸ ਭੇਟ ਨੂੰ ਕਬੂਲਿਆ ਨਾ ਜਾਂਦਾ ਤਾਂ ਇਕ ਸੁਲਾਹ ਦਾ ਮੌਕਾ ਹਥੋਂ ਨਿਕਲ ਜਾਣਾ ਸੀ, ਦੂਸਰੇ ਗੁਰੂ ਕੇ ਸਿਖ ਦੀ ਮੁਸਲਮਾਨਾਂ ਦੇ ਘਰ ਨਿਰਾਦਰੀ ਹੋਣੀ ਸੀ। ਇਸ ਕਰ ਕੇ ਜਾਗੀਰ ਤੇ ਨਵਾਬੀ ਦਾ ਖਿਤਾਬ ਵਾਪਸ ਕਰਨਾ ਮੁਨਾਸਬ ਨਾ ਸਮਝਿਆ ਗਿਆ। ਫੇਰ ਕਿਵੇਂ ਮੁਕੀ ? ਬਸ ਇੰਞ ਕਿ ਸੰਗਤਾਂ ਦਾ ਸਭ ਤੋਂ ਨਿਰਮਾਣ ਤੇ ਪੱਕਾ ਸਵੇਕ, ਜੋ ਖਾਲਸੇ ਦੇ ਘੋੜਿਆਂ ਦੀ ਲਿੱਦ ਹੂੰਝਿਆ ਕਰਦਾ

ਸੀ, ਉਸ ਨੂੰ ਦੀਵਾਨ ਵਿਚ ਬੁਲਾਇਆ ਗਿਆ ਅਤੇ ਸੰਗਤ ਵਲੋਂ ਹੁਕਮਨ ਉਸ ਨੂੰ ਕਿਹਾ ਗਿਆ ਕਿ ਤੈਨੂੰ 'ਜਾਗੀਰ ਤੇ ਨਵਾਬੀ' ਦਾ ਖਿਤਾਬ ਮੰਨਜ਼ੂਰ ਕਰਨਾ ਪਵੇਗਾ ਅਤੇ ਅਜ ਤੋਂ ਤੂੰ ਖਾਲਸੇ ਦਾ ਲੀਡਰ ਹੋਇਆ, ਅਗੇ ਨੂੰ ਤੇਰੀ ਕਮਾਨ ਵਿਚ ਖਾਲਸਾ ਵਾਹਿਗੁਰੂ ਦੀ ਸੇਵਾ ਕਰੇਗਾ। ਇਸ ਲਿੱਦ ਹੂੰਝਣ ਵਾਲੇ ਸਿੰਘ ਦਾ ਜਾਗੀਰ ਤੇ ਨਵਾਬੀ ਦੇ ਮਿਲਣ ਉਤੇ ਕੀ ਰਵੱਈਆ ਸੀ? ਉਹੋ ਜੋ ਗੁਰੂ ਨਾਨਕ ਦੇ ਸਿਖ ਦਾ ਹਰ ਹਾਲਤ ਵਿਚ ਹੁੰਦਾ ਹੈ। ਗਲ ਵਿਚ ਪੱਲਾ ਸੀ, ਹੱਥ ਜੋੜੇ ਹੋਏ ਸਨ ਤੇ ਆਖ ਰਿਹਾ ਸੀ, 'ਐ ਗੁਰੂ ਖਾਲਸਾ, ਮੈਂ ਸੁਣਿਆ ਹੋਇਆ ਹੈ–'ਤਪੋਂ ਰਾਜ ਤੇ ਰਾਜੋਂ ਨਰਕ' ਮਿਲਦਾ ਹੈ। ਮੈਂ ਤੈਨੂੰ ਗੁਰੂ ਰੂਪ ਸਮਝ ਕੇ ਸੇਵਾ ਕੀਤੀ ਸੀ ਕਿ ਸ਼ਾਇਦ ਆਪਣੇ ਸਿੰਘਾਂ ਦਾ ਸਦਕਾ, ਗੁਰੂ ਕਲਗੀ ਵਾਲਾ ਸੱਚਾ ਪਾਤਸ਼ਾਹ ਮੇਰੇ ਚੁਰਾਸੀ ਦੇ ਬੰਧਨ ਕਟ ਦੇਵੇ ਅਤੇ ਮੈਂ ਇਸ 'ਮੈਂ ਮੇਰੀ' ਦੀ ਕੈਦ ਤੋਂ ਆਜ਼ਾਦ ਹੋ ਜਾਵਾਂ, ਪਰ ਤੁਸੀਂ ਮੇਰੀ ਸੇਵਾ ਦੇ ਇਵਜ਼ ਵਿਚ ਮੈਨੂੰ ਉਹ ਚੀਜ਼ ਦੇਣ ਦਾ ਫੈਸਲਾ ਕੀਤਾ ਹੈ, ਜਿਸ ਨਾਲ ਮੇਰਾ ਚੁਰਾਸੀ ਦੇ ਗੇੜ ਵਿਚੋਂ ਨਿਕਲ ਸਕਣਾ, ਅਤੀ ਕਠਨ ਹੋ ਜਾਵੇਗਾ। ਕੀ ਮੈਂ ਵੀ ਖਾਲਸੇ ਤੋਂ ਉਸ ਦੇ 'ਨਵਾਬੀ' ਤੇ 'ਜਾਗੀਰ' ਦੇਣ ਦੇ ਫੈਸਲੇ ਦੇ ਇਵਜ਼ ਵਿਚ ਕੁਝ ਮੰਗ ਸਕਦਾ ਹਾਂ ?' ਸੰਗਤਾਂ ਨੇ ਆਖਿਆ, 'ਹਾਂ, ਨਵਾਬ ਕਪੂਰ ਸਿੰਘ ਜੀ, ਆਪ ਸਾਡੇ ਲੀਡਰ ਹੋ, ਅਜ ਤੋਂ ਜਥੇਦਾਰ ਹੋ, ਹੁਕਮ ਕਰੋ, ਜੋ ਆਖੋਗੇ,, ਉਹੋ ਹੋਵੇਗਾ।' ਤਦ ਉਸ ਵੇਲੇ, ਪਾਠਕ ਜੀ ! ਤੈਨੂੰ ਪਤਾ ਹੈ, ਨਵਾਬ ਕਪੂਰ ਸਿੰਘ ਨੇ ਖਾਲਸੇ ਦਾ ਨਵਾਬ ਬਣ ਕੇ ਖਾਲਸੇ ਤੇ ਪਹਿਲਾ

ਹੁਕਮ ਕੀ ਚਲਾਇਆ ਸੀ ?

ਐ ਗੁਰੂ ਖਾਲਸਾ ! ਮੈਂ ਆਪ ਦੇ ਹੁਕਮ ਅਨੁਸਾਰ ਜਾਗੀਰ ਤੇ ਨਵਾਬੀ ਦਾ ਖਿਤਾਬ ਲੈ ਰਿਹਾ ਹਾਂ, ਆਪ ਨੂੰ ਵੀ ਮੇਰੀ ਇਹ ਬੇਨਤੀ ਪ੍ਰਵਾਨ ਕਰਨੀ ਹੋਵੇਗੀ ਕਿ ਮੈਂ ਨਵਾਬ ਹੁੰਦਾ ਹੋਇਆ, ਆਪ ਦਾ ਲੀਡਰ ਅਖਵਾਂਦਾ ਹੋਇਆ ਵੀ, ਆਪ ਦੇ ਘੋੜਿਆਂ ਦੀ ਲਿੱਦ ਉਸੇ ਤਰ੍ਹਾਂ ਹੂੰਝਿਆ ਕਰਾਂਗਾ, ਜਿਵੇਂ ਇਸ ਰੁਤਬੇ ਦੇ ਮਿਲਣ ਤੋਂ ਪਹਿਲੇ ਹੂੰਝਦਾ ਰਿਹਾ ਹਾਂ।' ਸੰਗਤਾਂ ਨੇ ਨਿਹਾਲ ਹੋ ਕੇ ਆਖਿਆ, 'ਜਥੇਦਾਰ ਸਾਹਿਬ, ਨਵਾਬ ਸਾਹਿਬ ਦਾ ਇਹ ਹੁਕਮ ਸਾਡੇ ਸਿਰ ਮੱਥੇ ਤੇ, ਐਸਾ ਹੀ ਹੋਵੇਗਾ।'

ਕਿਹੀ ਸੋਹਣੀ ਚੋਣ ਸੀ, ਚੋਣ ਦਾ ਕਿਹਾ ਸੋਹਣਾ ਤਰੀਕਾ ਸੀ !

2.

ਖਾਲਸਾ ਅਜ ਵੀ ਚੋਣ ਕਰਦਾ ਹੈ। ਅਜ ਵੀ ਆਪਣੇ ਲੀਡਰ ਤੇ ਆਗੂ ਚੁਣਦਾ ਹੈ, ਪਰ ਗੁਰ-ਮਰਯਾਦਾ ਅਨੁਸਾਰ ਨਹੀਂ, ਪਛਮੀ ਦੇਸ਼ਾਂ ਦੀ ਮਰਯਾਦਾ ਅਨੁਸਾਰ । ਕਿਸੇ ਆਸ਼ੇ ਦੇ ਹਾਸਲ ਕਰਨ ਵਾਸਤੇ ਜੋ ਤ੍ਰੀਕੇ ਵਰਤੇ ਜਾਣ, ਉਨ੍ਹਾਂ ਦਾ ਅਸਰ ਨਤੀਜਿਆਂ ਤੇ ਜ਼ਰੂਰ ਪੈਂਦਾ ਹੈ। ਦਾਨ ਕਰਨ ਲਈ ਜੇ ਡਾਕਾ ਮਾਰਿਆ ਜਾਵੇ, ਤਾਂ ਉਸ ਦਾਨ ਅਤੇ ਘਾਲਣਾ ਨਾਲ ਦਸਾਂ ਨੌਹਾਂ ਦੀ ਕਮਾਈ ਵਿਚੋਂ ਕੀਤੇ ਦਾਨ ਵਿਚ ਬੜਾ ਫਰਕ ਹੁੰਦਾ ਹੈ। ਇਸੇ ਤਰ੍ਹਾਂ ਵੋਟਾਂ ਦੇ ਪਛਮੀ ਤ੍ਰੀਕੇ ਨਾਲ ਚੁਣੇ ਸੇਵਕਾਂ ਅਤੇ ਗੁਰ-ਮਰਯਾਦਾ ਜਾਂ ਧਾਰਮਕ ਅਸੂਲਾਂ ਅਨੁਸਾਰ ਚੁਣੇ ਸੇਵਕਾਂ ਦੀ ਜ਼ਹਿਨੀਅਤ ਤੇ

ਨਜ਼ਰੀਏ ਵਿਚ ਬੜਾ ਫਰਕ ਹੁੰਦਾ ਹੈ। ਲਿੱਦ ਹੂੰਝਣ ਵਾਲੇ ਗੁਰਸਿਖ ਨੂੰ ਕਿਉਂਕਿ ਜਾਗੀਰ ਤੇ ਨਵਾਬੀ ਦਾ ਰੁਤਬਾ ਸੇਵਾ ਕਰ ਕੇ ਮਿਲਿਆ, ਉਸ ਨੇ ਨਵਾਬ ਬਣ ਕੇ ਵੀ ਸੇਵਾ ਨੂੰ ਯਾਦ ਰਖਿਆ ਤੇ ਮੈਦਾਨਿ-ਜੰਗ ਵਿਚ ਹਾਥੀ ਤੇ ਚੜ੍ਹ ਕੇ ਖਾਲਸੇ ਦੀ ਜਥੇਦਾਰੀ ਕਰਦਾ ਸੀ ਅਤੇ ਦੀਵਾਨ ਵਿਚ ਆ ਕੇ ਖਾਲਸੇ ਦੀ ਉਹੋ ਪੁਰਾਣੀ ਸੇਵਾ ਕਰਨੀ ਆਪਣੇ ਧੰਨ ਭਾਗ ਸਮਝਦਾ ਸੀ। ਵੋਟਾਂ ਨਾਲ ਚੁਣਿਆ ਲੀਡਰ ਵੀ ਕਾਮਯਾਬੀ ਮਗਰੋਂ, ਵੋਟਾਂ ਨੂੰ, ਵੋਟਰਾਂ ਦੀ ਸੰਮਤੀ ਨੂੰ, ਪਾਰਟੀ ਦੀ ਪ੍ਰਸੰਨਤਾ ਨੂੰ ਯਾਦ ਰਖਦਾ ਹੈ, ਕਿਉਂਕਿ ਉਸ ਨੂੰ ਕਾਮਯਾਬੀ ਇਹਨਾਂ ਦੇ ਹੀ ਆਸਰੇ ਮਿਲੀ ਹੈ। ਚਾਹੇ ਗੁਰੂ ਘਰ ਦੀ ਸੇਵਾ ਕਰੇ ਨਾ ਕਰੇ, ਪਾਰਟੀ ਖੁਸ਼ ਹੈ ਤਾਂ ਅਗਲੇ ਸਾਲ ਦੀ ਚੋਣ ਵਿਚ ਉਹ ਆਪਣਾ ਮੁੜ ਕੇ ਚੁਣਿਆ ਜਾਣਾ ਪੱਕਾ ਸਮਝਦਾ ਹੈ। ਭਾਵੇਂ ਰੱਬ ਨੂੰ, ਗੁਰੂ ਨੂੰ, ਆਪਣੀ ਜ਼ਮੀਰ ਨੂੰ ਉਹ ਖੁਸ਼ ਰਖੇ ਜਾਂ ਨਾ, ਅਜਕਲ ਦੇ ਲੀਡਰ ਵਿਚ ਆਪਣੇ ਵੋਟਰਾਂ ਨੂੰ, ਆਪਣੀ ਪਾਰਟੀ ਨੂੰ ਖੁਸ਼ ਰਖ ਸਕਣ ਦੀ ਸਿਫਤ ਹੋਣੀ ਜ਼ਰੂਰੀ ਹੈ। ਅਜਕਲ ਦੇ ਲੀਡਰ ਨੂੰ ਪਤਾ ਹੁੰਦਾ ਹੈ ਕਿ ਉਸ ਦੀ ਲੀਡਰਸ਼ਿਪ ਵਾਸਤੇ, ਉਸ ਦੇ ਕੈਰੀਅਰ ਵਾਸਤੇ ਉਸ ਦੇ ਆਚਰਣ, ਉਸ ਦੇ ਜੀਵਨ ਦੀ, ਉਸ ਦੀਆਂ ਜ਼ਾਤੀ ਸਿਫਤਾਂ ਦੀ ਉਤਨੀ ਲੋੜ ਨਹੀਂ, ਜਿਤਨੀ ਕਿ ਉਸ ਦੇ ਹੱਕ ਵਿਚ ਵੋਟਰਾਂ ਦੀ ਬਹੁਗਿਣਤੀ ਦੀ, ਇਸ ਲਈ ਉਹ ਰੱਬ ਦੀ, ਗੁਰੂ ਦੀ, ਆਪਣੀ ਜ਼ਮੀਰ ਦੀ ਖੁਸ਼ੀ ਹਾਸਲ ਕਰਨ ਦੀ ਬਜਾਏ, ਹਮੇਸ਼ਾ ਇਹ ਲੱਭਣ ਦੀ ਕੋਸ਼ਿਸ਼ ਕਰਦਾ ਹੈ ਕਿ ਉਸ ਦੇ ਵੋਟਰਾਂ ਦੀ ਕੀ ਖੁਸ਼ੀ ਹੈ ?

ਉਹ ਕਿਵੇਂ ਰਾਜ਼ੀ ਰਖੇ ਜਾ ਸਕਦੇ ਹਨ ਅਤੇ ਉਹਨਾਂ ਦੀ ਗਿਣਤੀ ਕਿਵੇਂ ਹਰ ਸਾਲ ਵਧਾਈ ਜਾ ਸਕਦੀ ਹੈ ? ਇਸ ਕੰਮ ਲਈ ਉਸ ਨੂੰ ਬੜੇ ਪ੍ਰਾਪੇਗੰਡੇ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ, ਜਿਸ ਕਰ ਕੇ ਜਿਨ੍ਹਾਂ ਆਦਮੀਆਂ ਦਾ ਆਮ ਲੋਕਾਂ ਵਿਚ ਰਸੂਖ ਹੁੰਦਾ ਹੈ ਉਸ ਨੂੰ ਉਹਨਾਂ ਦੀ ਸ਼ਰਨ ਲੈਣੀ ਪੈਂਦੀ ਹੈ। ਨਤੀਜਾ ਇਹ ਹੁੰਦਾ ਹੈ ਕਿ ਅਜਕਲ ਦੇ ਲੀਡਰ ਨੂੰ ਆਪਣੀ ਲੀਡਰੀ ਕਾਇਮ ਰਖਣ ਵਾਸਤੇ ਆਪਣੀ ਪਾਰਟੀ ਦੇ ਮੋਹਰੀ ਮੈਂਬਰਾਂ ਦੇ ਹੱਥ ਵਿਚ ਖੇਡਣਾ ਪੈਂਦਾ ਹੈ।

ਤਜਰਬਾ ਇਹ ਦਸਦਾ ਹੈ ਕਿ ਪਾਰਟੀ ਨੂੰ ਖੁਸ਼ ਰਖਣ ਵਾਸਤੇ ਲੀਡਰ ਨੂੰ ਬਹੁਤ ਸਾਰੇ ਕੰਮ ਆਪਣੀ ਜ਼ਮੀਰ ਦੇ ਖਿਲਾਫ ਕਰਨੇ ਪੈਂਦੇ ਹਨ, ਪਾਰਟੀ ਦੇ ਮੈਂਬਰਾਂ ਦੇ ਐਬ ਛੁਪਾਣੇ ਪੈਂਦੇ ਹਨ, ਪਾਰਟੀ ਦੇ ਮੈਂਬਰਾਂ ਦੀਆਂ ਨਾਜਾਇਜ਼ ਗੱਲਾਂ ਮੰਨਣੀਆਂ ਪੈਂਦੀਆਂ ਹਨ, ਪਾਰਟੀ ਦੇ ਨੁਕਤਾ-ਨਿਗਾਹ ਤੋਂ ਹਰ ਗੱਲ ਵਿਚਾਰਨੀ ਪੈਂਦੀ ਹੈ। ਕਿਉਂਕਿ ਆਪਣੀ ਪਾਰਟੀ ਨੂੰ ਕਾਇਮ ਤੇ ਜ਼ੋਰਾਂ ਵਿਚ ਰਖਣ ਵਾਸਤੇ ਇਹ ਲਾਜ਼ਮੀ ਹੈ ਕਿ ਦੂਸਰੀਆਂ ਪਾਰਟੀਆਂ ਕਮਜ਼ੋਰ ਤੇ ਨਿਰਬਲ ਰਹਿਣ। ਇਸ ਕਰਕੇ ਬਹੁਗਿਣਤੀ ਵਾਲੀ ਪਾਰਟੀ ਆਮ ਤੌਰ ਤੇ ਆਪਣੇ ਜ਼ੋਰ ਤੇ ਪਾਰਟੀ ਬਲ ਨੂੰ ਕਾਇਮ ਰਖਣ ਵਾਸਤੇ ਮੁਖਾਲਫ ਘਟ ਗਿਣਤੀ ਦੀਆਂ ਪਾਰਟੀਆਂ ਨੂੰ ਜਾਇਜ਼-ਨਾਜਾਇਜ਼ ਸਭ ਤ੍ਰੀਕਿਆਂ ਨਾਲ ਦਬਾਣਾ ਚਾਹੁੰਦੀ ਹੈ ਅਤੇ ਲੀਡਰ ਨੂੰ ਆਪਣੀ ਹਸਤੀ ਕਾਇਮ ਰਖਣ ਵਾਸਤੇ ਇਸ ਅਪਰਾਧ ਵਿਚ ਵਧ ਚੜ੍ਹ ਕੇ ਹਿੱਸਾ ਲੈਣਾ ਪੈਂਦਾ ਹੈ।

ਚੋਣਾਂ ਦੇ ਪਛਮੀ ਤ੍ਰੀਕੇ ਅਨੁਸਾਰ ਸਾਡੀਆਂ ਧਾਰਮਕ ਚੋਣਾਂ ਦੇ ਹੋਣ ਦਾ ਨਤੀਜਾ ਅਜ ਅਸੀਂ ਆਪਣੀਆਂ ਅੱਖਾਂ ਅਗੇ ਵੇਖ ਰਹੇ ਹਾਂ।

ਸਾਡੇ ਮਜੂਦਾ ਧਾਰਮਕ ਲੀਡਰ ਸੌ ਵਿਚੋਂ ਨੱਵੇ ਫੀ ਸਦੀ ਐਸੇ ਨਜ਼ਰ ਆਉਣਗੇ ਜਿਨ੍ਹਾਂ ਦੀਆਂ ਰੁਚੀਆਂ ਧਾਰਮਕ ਨਹੀਂ, ਜਿਨ੍ਹਾਂ ਦਾ ਜੀਵਨ ਧਾਰਮਕ ਨਹੀਂ , ਜਿਨ੍ਹਾਂ ਦੀ ਦ੍ਰਿਸ਼ਟੀ ਧਾਰਮਕ ਨਹੀਂ। ਐਸੇ ਲੀਡਰ ਜਿਨ੍ਹਾਂ ਨੂੰ ਆਪਣੇ ਇਲਾਕੇ ਦੀਆਂ ਵੋਟਾਂ, ਰਿਸ਼ਵਤ ਦੇ ਕੇ, ਸ਼ਰਾਬ ਪਿਆ ਕੇ, ਧਮਕਾ ਕੇ, ਲਾਲਚ ਦੇ ਕੇ, ਗੁੰਡਿਆਂ ਦੀ ਮਦਦ ਨਾਲ, ਡਾਂਗਾਂ ਦੇ ਆਸਰੇ, ਆਪਣੇ ਹੱਕ ਵਿਚ ਪਵਾ ਲੈਣ ਦਾ ਵੱਲ ਆ ਗਿਆ ਹੈ ਉਹ ਸ਼ਖਸ ਕਿਉਂ ਨਿਰਮਾਣ, ਤਿਆਗੀ, ਪਰਉਪਕਾਰੀ ਤੇ ਰੱਬ ਕੋਲੋਂ ਡਰ ਕੇ ਰਹਿਣ ਵਾਲਾ ਜੀਵਨ ਬਤੀਤ ਕਰਨ ? ਉਹਨਾਂ ਨੂੰ ਸਵਾਸ-ਸਵਾਸ ਵਾਹਿਗੁਰੂ ਨੂੰ ਯਾਦ ਰਖਣ ਦੀ ਕੀ ਲੋੜ ਹੈ? ਉਹ ਕਿਉਂ ਸੇਵਾ ਕਰਨ ? ਐਸੇ ਲੀਡਰਾਂ ਦਾ ਮਾਣ, ਤਕੀਆ ਨਿਸ਼ਾਨਾ ਗੁਰੂ ਨਹੀਂ ਹੋ ਸਕਦਾ, ਉਹ ਤਾਕਤ ਦੇ, ਵਡਿਆਈ ਦੇ ਪੁਜਾਰੀ ਹੁੰਦੇ ਹਨ, ਅਕਾਲ ਪੁਰਖ ਦੇ ਨਹੀਂ।

ਧਾਰਮਕ ਅਸਥਾਨਾਂ ਦੀਆਂ ਜਦ ਲੱਖਾਂ ਰੁਪਿਆਂ ਦੀਆਂ ਆਮਦਨਾਂ, ਉਤੇ ਦੱਸੀਆਂ ਸਿਫਤਾਂ ਵਾਲੇ ਲੀਡਰਾਂ ਦੇ ਹੱਥ ਆ ਜਾਣ ਤਾਂ ਉਹਨਾਂ ਆਮਦਨਾਂ ਦਾ ਖਰਚ ਵੀ ਉਹਨਾਂ ਦੀ ਮਰਜ਼ੀ ਅਨੁਸਾਰ ਹੁੰਦਾ ਹੈ। ਉਹ ਗੁਰਦੁਆਰਿਆਂ, ਸਕੂਲਾਂ ਅਤੇ ਹੋਰ

ਧਾਰਮਕ ਆਸ਼ਰਮਾਂ ਵਿਚ ਐਸੇ ਸੇਵਾਦਾਰ ਰਖਦੇ ਹਨ, ਜੋ ਤਨਖਾਹ ਗੁਰਦੁਆਰਿਆਂ ਵਿਚੋਂ ਲੈਣ ਅਤੇ ਪ੍ਰਾਪੇਗੰਡਾ ਅਗਲੀਆਂ ਚੋਣਾਂ ਵਿੱਚ ਪਾਰਟੀ ਦੀ ਕਾਮਯਾਬੀ ਦਾ ਕਰਨ। ਇਸ ਦਾ ਨਤੀਜਾ ਇਹ ਹੈ ਕਿ ਸਾਡੇ ਗੁਰਦੁਆਰੇ ਤੇ ਧਾਰਮਕ ਅਸਥਾਨ ਬਜਾਏ ਸ਼ਾਂਤੀ, ਤਿਆਗ, ਨਿਰਮਾਣਤਾ, ਪਰਉਪਕਾਰ, ਸਿਮਰਨ ਤੇ ਬੰਦਗੀ ਦੇ ਪ੍ਰਚਾਰ ਦੇ ਅਸ਼ਾਂਤੀ, ਪਾਰਟੀਬਾਜ਼ੀ, ਨਫਰਤ, ਘ੍ਰਿਣਾ, ਈਰਖਾ ਦੇ ਪ੍ਰਚਾਰ ਦੇ ਅੱਡੇ ਬਣ ਗਏ ਹਨ। ਜਿਸ ਕੌਮ ਦੇ ਧਾਰਮਕ ਅਸਥਾਨਾਂ ਤੋਂ ਕੁਫਰ, ਝੂਠ, ਈਰਖਾ ਤੇ ਪਾਰਟੀਬਾਜ਼ੀ ਦਾ ਪ੍ਰਚਾਰ ਹੋਣ ਲਗ ਜਾਵੇ, ਉਸ ਕੌਮ ਵਿਚੋਂ ਕੁਰਬਾਨੀ, ਨਿਰਭੈਤਾ, ਮਿਲਵਰਤਣ, ਇਤਫਾਕ, ਪ੍ਰੇਮ, ਪਿਆਰ ਸਭ ਪਰ ਲਾ ਕੇ ਉਡ ਜਾਂਦੇ ਹਨ।

ਜ਼ਮੀਨ ਵਿਚ ਜੋ ਬੀਜੋ ਉਹੋ ਉਗਦਾ ਹੈ। ਧਾਰਮਕ ਚੋਣਾਂ ਦੀ ਬੁਨਿਆਦ ਜਦ ਤੋਂ ਪਛਮੀ ਤ੍ਰੀਕੇ ਦੀ ਚੋਣ ਦੇ ਨਿਯਮਾਂ ਉਤੇ ਰਖੀ ਗਈ ਹੈ, ਅਸੀਂ ਦੋਹਰੇ ਦਸਤਾਰੇ, ਲੰਬੀਆਂ ਕ੍ਰਿਪਾਨਾਂ, ਲੰਬੀਆਂ ਦਾੜ੍ਹੀਆਂ ਵਾਲੇ ਲੀਡਰਾਂ ਤੇ ਧਾਰਮਕ ਰੂਪ ਹੇਠਾਂ ਪੱਛਮੀ ਜ਼ਹਿਨੀਅਤ ਵਾਲੇ ਮਾਦਾ ਪ੍ਰਸਤ, ਰਾਜਸੀ ਪ੍ਰੇਰਨਾ ਵਾਲੇ, ਦੁਨੀਆਂਦਾਰ, ਮਨੁਖ ਦੇਖਦੇ ਹਾਂ। ਇਹ ਏਥੋਂ ਤਕ ਉਚੀਆਂ ਪੁਜ਼ੀਸ਼ਨਾਂ ਵਿਚ ਕਿਉਂ ਅਤੇ ਕਿਸ ਤਰ੍ਹਾਂ ਪਹੁੰਚੇ ? ਇਸ ਕਰ ਕੇ ਕਿ ਖਾਲਸੇ ਨੇ ਆਪਣੇ ਸੇਵਕਾਂ ਦੇ ਚੁਣਨ ਦਾ ਪੁਰਾਣਾ ਤ੍ਰੀਕਾ ਬਦਲ ਸੁਟਿਆ ਹੈ। ਕਦੀ ਖਾਲਸੇ ਦਾ ਲੀਡਰ ਉਹੋ ਹੋ ਸਕਦਾ

ਸੀ, ਜਿਸ ਨੇ ਆਪਣੀ ਖੁਦੀ ਤੇ ਹਉਮੈ ਦਾ ਨਾਸ ਕਰਨ ਵਿਚ ਬੜੀਆਂ ਬੜੀਆਂ ਘਾਲਾਂ ਘਾਲੀਆਂ ਹੋਣ, ਜਿਸ ਨੇ ਆਪਣੀ ਵਡਿਆਈ ਤੇ ਮਾਨਤਾ ਦੇ ਖਿਆਲ ਨੂੰ ਜੜ੍ਹ ਤੋਂ ਪੁਟ ਸੁਟਿਆ ਹੋਵੇ, ਜਿਹੜਾ ਸਿਮਰਨ ਨੂੰ ਆਪਣਾ ਜੀਵਨ, ਸੇਵਾ ਨੂੰ ਆਪਣਾ ਦਿਲ ਪਰਚਾਵਾ ਤੇ ਪਰਉਪਕਾਰ ਤੇ ਕੁਰਬਾਨੀ ਨੂੰ ਆਪਣਾ ਆਦਰਸ਼ ਸਮਝਦਾ ਹੋਵੇ। ਅਜ ਖਾਲਸੇ ਦਾ ਲੀਡਰ ਉਹ ਹੋ ਸਕਦਾ ਹੈ ਜਿਹੜਾ ਆਪਣੇ ਹੱਕ ਵਿਚ ਵੋਟਾਂ, ਚਾਹੇ ਉਹ ਕਿਸੇ ਤਰ੍ਹਾਂ ਇਕੱਠੀਆਂ ਕੀਤੀਆਂ ਜਾਣ, ਪਵਾ ਸਕਦਾ ਹੋਵੇ। ਜਿਸ ਨੂੰ ਆਪਣੀ ਪਾਰਟੀ ਨੂੰ ਵਧਾਣ ਤੇ ਦੂਸਰੀਆਂ ਪਾਰਟੀਆਂ ਨੂੰ ਤਬਾਹ ਕਰਨ ਦਾ ਚੰਗਾ ਵੱਲ ਆਉਂਦਾ ਹੋਵੇ। ਜਿਹੜਾ ਪਾਰਟੀ ਦੀ ਸਹਾਇਤਾ ਕਾਇਮ ਰਖਣ ਵਾਸਤੇ ਆਪਣੀ ਆਤਮਾ, ਆਪਣੀ ਜ਼ਮੀਰ ਦੇ ਖਿਲਾਫ ਆਸਾਨੀ ਨਾਲ ਕੰਮ ਕਰ ਸਕਦਾ ਹੋਵੇ, ਜਿਹੜਾ ਪਾਰਟੀਬਾਜ਼ ਹੋਵੇ, ਪਾਰਟੀ ਪ੍ਰਾਪੇਗੰਡਾ ਕਰਨਾ ਜਾਣਦਾ ਹੋਵੇ, ਜਿਸ ਨੂੰ ਪੱਗਾਂ ਲਾਹੁਣੀਆ ਤੇ ਲੁਹਾਣੀਆਂ ਆਉਂਦੀਆਂ ਹੋਣ ਤੇ ਜਿਹੜਾ ਗਾਲ੍ਹਾਂ ਕਢ ਸਕੇ ਤੇ ਖਾ ਸਕੇ।

ਮੈਂ ਸਿਖ ਕੌਮ ਦੀ ਮੌਜੂਦਾ ਗਿਰਾਵਟ ਤੇ ਅਸਲੀ ਕਾਰਨ ਲਭਣ ਦੀ ਕੋਸ਼ਿਸ਼ ਵਿਚ ਕਈ ਕਈ ਰਾਤਾਂ ਸੋਚਾਂ ਵਿਚ ਗੁਜ਼ਾਰ ਕੇ ਏਸ ਨਤੀਜੇ ਤੇ ਪਹੁੰਚਿਆ ਹਾਂ ਕਿ ਸਾਡੀ ਫੁਟ, ਈਰਖਾ, ਅਸ਼ਾਂਤੀ ਅਤੇ ਕੌਮੀ ਕਮਜ਼ੋਰੀ ਦਾ ਸਭ ਤੋਂ ਵਡਾ ਕਾਰਣ ਸਾਡੇ ਧਾਰਮਕ ਲੀਡਰਾਂ ਦਾ ਪਛਮੀ ਵੋਟਾਂ ਦੇ ਤ੍ਰੀਕੇ ਅਨੁਸਾਰ ਚੁਣਾਓ ਹੈ। ਜਦ

ਤਕ ਸਾਡੇ ਧਾਰਮਕ ਲੀਡਰਾਂ ਦਾ ਚੁਣਾਓ ਪਛਮੀ ਤ੍ਰੀਕੇ ਅਨੁਸਾਰ ਵੋਟਾਂ ਤੇ ਨਿਰਭਰ ਰਹੇਗਾ, ਤਦ ਤਕ ਸਾਡੀਆਂ ਅਗਲੀਆਂ ਕਤਾਰਾਂ ਵਿਚ ਧਾਰਮਕ ਰੁਚੀਆਂ ਵਾਲੇ, ਆਤਮਕ ਜੀਵਨ ਵਾਲੇ, ਨਾਮ ਕਮਾਈ ਵਾਲੇ ਗੁਰਸਿਖ ਨਹੀਂ ਆ ਸਕਣਗੇ, ਅਤੇ ਕੌਮ ਦੀ ਰਹਿਨੁਮਾਈ ਮਾਦਾਪ੍ਰਸਤ ਲੋਕਾਂ ਦੇ ਹਥ ਵਿਚ ਹੀ ਰਹੇਗੀ। ਨਨਕਾਣਾ ਸਾਹਿਬ ਤੇ ਗੁਰੂ ਕੇ ਬਾਗ ਦੇ ਮੋਰਚਿਆਂ ਵਿਚ ਸਾਡੀ ਫਤਹਿ ਦਾ ਕਾਰਨ ਸਾਡੇ ਵਿਚ ਪੁਰਾਤਨ ਗੁਰਸਿਖੀ ਦੇ ਜੀਵਨ ਦੇ ਟਿਮਟਮਾਂਦੇ ਲਿਸ਼ਕਾਰੇ ਸਨ। ਉਸ ਮਗਰੋਂ ਚੋਣਾਂ ਦੇ ਰਿਵਾਜ ਦੇ ਵਧਣ ਨਾਲ ਸਾਡੇ ਲੀਡਰਾਂ ਵਿਚ ਈਰਖਾ, ਫੁਟ, ਪਾਰਟੀਬਾਜ਼ੀ ਵਧਦੀ ਗਈ ਹੈ। ਅਜ ਸਿਖ ਕੌਮ ਵਾਸਤੇ ਗੁਰੂ ਕੇ ਬਾਗ ਵਰਗੀ ਮੁੜ ਕੇ ਕੁਰਬਾਨੀ ਦੇਣੀ ਅਸੰਭਵ ਜਾਪਦੀ ਹੈ।

ਜ਼ਰੂਰੀ ਨੋਟ:—ਇਸ ਲੇਖ ਦਾ ਭਾਵ ਕਿਸੇ ਖਾਸ ਪਾਰਟੀ ਤੇ ਨੁਕਤਾਚੀਨੀ ਕਰਨਾ ਨਹੀਂ, ਸਗੋਂ ਮੌਜੂਦਾ ਚੋਣ ਦੇ ਬੁਨਿਆਦੀ ਅਸੂਲਾਂ ਦੀ ਵਿਰੋਧਤਾ ਹੈ। ਮੇਰੇ ਦਿਲ ਵਿਚ ਅਕਾਲੀ ਪਾਰਟੀ ਦੇ ਬਹੁਤੇ ਸੱਜਣਾਂ ਸਬੰਧੀ ਜ਼ਾਤੀ ਤੌਰ ਤੇ ਉਤਨਾ ਹੀ ਸਤਿਕਾਰ ਤੇ ਪ੍ਰੇਮ ਹੈ ਜਿਤਨਾ ਕਿ ਇਸ ਦੀਆਂ ਵਿਰੋਧੀ ਪਾਰਟੀਆਂ ਦੇ ਸੱਜਣਾਂ ਸਬੰਧੀ ਹੈ। ਮੇਰਾ ਯਕੀਨ ਹੈ ਕਿ ਸਾਡੀਆਂ ਧਾਰਮਕ ਚੋਣਾਂ ਦੇ ਮੌਜੂਦਾ ਤ੍ਰੀਕੇ ਅਨੁਸਾਰ ਚੁਣੀ ਹੋਈ ਕਿਸੇ ਪਾਰਟੀ ਦੇ ਮੈਂਬਰ ਵੀ ਕਿਉਂ ਨਾ ਹੋਣ, ਉਹਨਾਂ ਵਿਚ ਗਿਰਾਵਟ ਆ ਜਾਣੀ ਜ਼ਰੂਰੀ ਹੈ।

ਧਰਮ ਤੋਂ ਅਣਗਹਿਲੀ

ਆਮ ਸਿਖਾਂ ਵਿਚ ਧਰਮ ਵਲੋਂ ਅਣਗਹਿਲੀ ਤੇ ਬੇ-ਪ੍ਰਵਾਹੀ ਨੂੰ ਦੇਖ ਕੇ ਦਿਲ ਵਿਚ ਸਵਾਲ ਪੈਦਾ ਹੁੰਦਾ ਹੈ ਕਿ ਕੀ ਧਰਮ ਵਿਚ ਹੁਣ ਲੋਕਾਂ ਨੂੰ ਆਪਣੇ ਵਲ ਖਿੱਚਣ ਵਾਲੀ ਕੋਈ ਖੂਬੀ ਨਹੀਂ ਰਹੀ ? ਜਾਂ ਲੋਕਾਂ ਵਿਚ ਧਰਮ ਸਬੰਧੀ ਪਈਆਂ ਗਲਤਫਹਿਮੀਆਂ ਨੂੰ ਦੂਰ ਕਰਨ ਦਾ ਯੋਗ ਉਪਾਅ ਨਹੀਂ ਹੋ ਰਿਹਾ ?

ਧਰਮ ਤੋਂ ਅਣਗਹਿਲੀ ਕੇਵਲ ਉਹੀ ਸ਼ਖਸ ਨਹੀਂ ਕਰ ਰਹੇ ਜਿਹੜੇ ਪਛਮੀ ਦੇਸ਼ਾਂ ਤੋਂ ਆਈਆਂ ਨਾਸਤਕ ਲਹਿਰਾਂ ਦੇ ਅਸਰ ਹੇਠ ਆ ਚੁਕੇ ਹਨ, ਸਗੋਂ ਜਿਹੜੇ ਪੁਰਸ਼ ਆਪਣੇ ਆਪ ਨੂੰ ਧਰਮੀ ਜਾਂ ਧਰਮ ਦੇ ਹਾਮੀ ਵੀ ਆਖਦੇ ਹਨ, ਉਹਨਾਂ ਦੇ ਦਿਲਾਂ-ਦਿਮਾਗਾਂ ਉਤੇ ਵੀ ਧਰਮ ਦਾ ਉਹ ਪ੍ਰਭਾਵ ਨਹੀਂ ਰਿਹਾ ਜਿਹੜਾ ਕਿ ਪੁਰਾਤਨ ਸਮੇਂ ਦੇ ਧਾਰਮਕ ਲੋਕਾਂ ਦੇ ਜੀਵਨ ਵਿਚੋਂ ਹੁਲਾਰੇ ਮਾਰਦਾ ਸੀ।

ਅਜਕਲ ਦੇ ਧਾਰਮਕ ਰੁਚੀਆਂ ਵਾਲੇ ਮਿੱਤ੍ਰ, ਗੁਰਦੁਆਰਿਆਂ ਵਿਚ ਜਾਂਦੇ ਹੋਏ, ਸ਼ਬਦ ਕੀਰਤਨ ਸੁਣਦੇ ਹੋਏ, ਅਰਦਾਸਾਂ ਕਰਦੇ ਹੋਏ, ਵਾਹਿਗੁਰੂ ਵਾਹਿਗੁਰੂ ਆਖਦੇ ਹੋਏ ਵੀ ਦਿਲ ਵਿਚ ਵਾਹਿਗੁਰੂ ਸਤਿਗੁਰੂ ਅਤੇ ਧਰਮ ਦੀ ਸਿਖਸ਼ਾ ਉਤੇ ਉਹ

ਵਿਸ਼ਵਾਸ ਨਹੀਂ ਰਖਦੇ ਜਿਸ ਦ੍ਰਿੜ ਵਿਸ਼ਵਾਸ ਦਾ ਹੋਣਾ, ਧਾਰਮਕ ਜੀਵਨ ਦੀ ਸਫਲਤਾ ਲਈ ਜ਼ਰੂਰੀ ਹੈ।

ਰੱਬ ਦੇ ਪਾਸੇ ਜਾਂ ਧਰਮ ਸਬੰਧੀ ਲੋਕਾਂ ਦਾ ਐਸਾ ਵਤੀਰਾ ਕਿਉਂ ਹੋ ਗਿਆ ਹੈ? ਕੀ ਇਸ ਵਿਚ ਲੋਕਾਂ ਦਾ ਦੋਸ਼ ਹੈ ਜਾਂ ਧਰਮ ਦੇ ਪ੍ਰਚਾਰਕਾਂ ਦਾ ? ਇਹਨਾਂ ਸਵਾਲਾਂ ਦੇ ਜਵਾਬ ਵਿਚ ਸਾਨੂੰ ਮਜਬੂਰਨ ਆਖਣਾ ਪਵੇਗਾ ਕਿ ਆਮ ਮਨੁਖ ਹਮੇਸ਼ਾ ਕਿਸੇ ਦੇ ਮਗਰ ਲਗ ਕੇ ਚਲਣ ਵਾਲੇ ਹੁੰਦੇ ਹਨ। ਕਿਸੇ ਦੇਸ਼ ਜਾਂ ਕੌਮ ਦੇ ਲੋਕਾਂ ਦੀ ਇਖਲਾਕੀ, ਧਾਰਮਕ, ਵਿਹਾਰਕ, ਭਾਈਚਾਰਕ ਗਿਰਾਵਟ ਇਸ ਗਲ ਦਾ ਸਬੂਤ ਹੁੰਦਾ ਹੈ ਕਿ ਉਸ ਕੌਮ ਜਾਂ ਦੇਸ਼ ਦੇ ਲੋਕਾਂ ਦੀ ਅਗਵਾਈ ਠੀਕ ਨਹੀਂ ਹੋ ਰਹੀ। ਹਰ ਕੌਮ ਜਾਂ ਦੇਸ਼ ਵਿਚ ਵਿਚਾਰਵਾਨ ਪੁਰਸ਼ ਹਮੇਸ਼ਾ ਬਹੁਤ ਘਟ ਹੁੰਦੇ ਹਨ, ਪਰ ਇਨ੍ਹਾਂ ਵਿਚਾਰਵਾਨ ਪੁਰਸ਼ਾਂ ਦੀ ਅਗਵਾਈ ਦੀ ਦਰੁਸਤੀ ਜਾਂ ਨਾ-ਦਰੁਸਤੀ ਉਤੇ ਸਾਰੀ ਕੌਮ ਦੀ ਹਾਲਤ ਨਿਰਭਰ ਹੁੰਦੀ ਹੈ।

ਧਰਮ ਸਬੰਧੀ ਲੋਕਾਂ ਦੀ ਅਣਗਹਿਲੀ ਦੀ ਤਹਿ ਵਿਚ ਗੌਰ ਨਾਲ ਦੇਖਿਆਂ ਪਤਾ ਲਗਦਾ ਹੈ ਕਿ ਲੋਕਾਂ ਵਿਚ ਇਹ ਗਲਤਫਹਿਮੀ ਕਾਫੀ ਅਸਰ ਕਰ ਚੁਕੀ ਹੈ ਕਿ ਧਰਮ ਉਹਨਾਂ ਦੇ ਜੀਵਨ ਨੂੰ ਸੁਖੀ ਤੇ ਸਫਲ ਬਣਾਉਣ ਵਿਚ ਕੋਈ ਮਦਦ ਨਹੀਂ ਕਰਦਾ। ਉਹ ਸਮਝਦੇ ਹਨ ਕਿ ਧਰਮ ਤੋਂ ਬਗੈਰ ਵੀ ਅਸੀਂ ਚੰਗਾ ਸੁਖੀ ਜੀਵਨ ਬਤੀਤ ਕਰ ਸਕਦੇ ਹਾਂ। ਲੋਕਾਂ ਦੀ ਆਮ ਜ਼ਰੂਰਤ ਹੈ-ਤੰਦਰੁਸਤੀ, ਲੰਬੀ ਉਮਰ, ਦੌਲਤ ਅਤੇ ਦੌਲਤ ਨਾਲ

ਖ਼ੀਦੀਆਂ ਜਾਣ ਵਾਲੀਆਂ ਚੀਜ਼ਾਂ, ਇਜ਼ਤ, ਹਰ-ਦਿਲ-ਅਜ਼ੀਜ਼ੀ ਆਦਿ। ਆਮ ਲੋਕਾਂ ਦਾ ਇਹ ਖਿਆਲ ਹੈ ਕਿ ਉਕਤ ਚੀਜ਼ਾਂ ਦੇ ਹਾਸਲ ਕਰਨ ਵਿਚ ਧਰਮ ਸਾਡੀ ਕੋਈ ਸਹਾਇਤਾ ਨਹੀਂ ਕਰਦਾ, ਸਗੋਂ ਸਾਨੂੰ ਇਹਨਾਂ ਚੀਜ਼ਾਂ ਦੇ ਹਾਸਲ ਕਰਨ ਤੋਂ ਰੋਕਦਾ ਹੈ। ਆਮ ਲੋਕ ਧਾਰਮਕ ਜੀਵਨ ਨੂੰ ਦੁਖੀ, ਕੁਰਬਾਨੀਆਂ ਤੇ ਫਾਕਾ-ਕਸ਼ੀਆਂ ਦਾ ਜੀਵਨ ਸਮਝਦੇ ਹਨ। ਕਿਉਂਕਿ ਉਹ ਐਸਾ ਕਰਨ ਨੂੰ ਤਿਆਰ ਨਹੀਂ ਹੁੰਦੇ, ਇਸ ਲਈ ਧਾਰਮਕ ਜੀਵਨ ਨੂੰ ਆਪਣੇ ਲਈ ਬੇਲੋੜਾ ਸਮਝਦੇ ਹਨ। ਧਰਮ ਦੇ ਪ੍ਰਚਾਰਕਾਂ ਨੇ ਧਰਮ ਨੂੰ ਕੁਝ ਐਸੇ ਗਲਤ ਰੰਗ ਵਿਚ ਪੇਸ਼ ਕੀਤਾ ਹੈ ਕਿ ਆਮ ਲੋਕੀ ਧਰਮ ਨੂੰ ਕੋਈ ਮਰਨ ਤੋਂ ਪਿਛੋਂ ਕੰਮ ਆਉਣ ਵਾਲੀ ਅਤੇ ਅਗਲੀ ਦੁਨੀਆਂ ਦੀ ਚੀਜ਼ ਸਮਝਣ ਲਗ ਗਏ ਹਨ। ਆਮ ਦੁਨੀਆਂ ਦੀ ਮੌਜੂਦਾ ਜ਼ਿੰਦਗੀ ਦੀਆਂ ਮੁਸ਼ਕਲਾਂ ਹੀ ਉਹਨਾਂ ਨੂੰ ਸਾਹ ਨਹੀਂ ਲੈਣ ਦੇਂਦੀਆਂ, ਇਸ ਲਈ ਉਹਨਾਂ ਪਾਸ ਅਗਲੀ ਦੁਨੀਆਂ ਸਬੰਧੀ ਅਤੇ ਅਗਲੀ ਦੁਨੀਆਂ ਵਿਚ ਕੰਮ ਆਉਣ ਵਾਲੀਆਂ ਚੀਜ਼ਾਂ ਸਬੰਧੀ ਸੋਚਣ ਦਾ ਤੇ ਤਿਆਰੀ ਕਰਨ ਦਾ ਸਮਾਂ ਹੀ ਨਹੀਂ ਹੁੰਦਾ। ਆਮ ਲੋਕਾਂ ਦੀ ਜ਼ਰੂਰਤ ਹੈ ਕਿ ਉਹਨਾਂ ਨੂੰ ਕੋਈ ਐਸੀ ਗੱਲ ਦੱਸੀ ਜਾਵੇ ਜਿਹੜੀ ਉਹਨਾਂ ਦੇ ਰੋਜ਼ਾਨਾ ਜੀਵਨ ਵਿਚ ਅਮਲੀ ਤੌਰ ਤੇ ਕੰਮ ਆਵੇ ਅਤੇ ਇਸ ਦੀ ਸਹਾਇਤਾ ਨਾਲ ਉਹ ਆਪਣੀ ਤੇ ਆਪਣੇ ਬਾਲ ਬੱਚਿਆਂ ਦੀ ਜ਼ਿੰਦਗੀ ਸੁਖੀ ਬਣਾ ਸਕਣ।

ਸਵਾਲ ਪੈਦਾ ਹੁੰਦਾ ਹੈ ਕਿ ਕੀ ਧਰਮ ਸਚੀਮੁਚੀ ਐਸੀ ਹੀ ਵਸਤੂ ਹੈ ਜਿਸ ਤੋਂ ਸਿਵਾਏ ਅਗਲੀ ਫਰਜ਼ੀ ਦੁਨੀਆਂ ਦੇ ਇਸ

ਜਨਮ ਵਿਚ ਹੋਰ ਕੋਈ ਲਾਭ ਜਾਂ ਫਾਇਦਾ ਨਹੀਂ ਉਠਾਇਆ ਜਾ ਸਕਦਾ ? ਅਸੀਂ ਇਸ ਸਬੰਧ ਵਿਚ ਜੋ ਕੁਝ ਵੀ ਸਿਖ ਧਰਮ ਦੀ ਪੜਚੋਲ ਕੀਤੀ ਹੈ ਉਸ ਤੋਂ ਇਸ ਨਤੀਜੇ ਤੇ ਪਹੁੰਚੇ ਹਾਂ ਕਿ ਲੋਕਾਂ ਵਿਚ ਧਰਮ ਸਬੰਧੀ ਜੋ ਗਲਤਫਹਿਮੀਆਂ ਪੈ ਗਈਆਂ ਹਨ, ਉਹਨਾਂ ਗਲਤ-ਫਹਿਮੀਆਂ ਦੀ ਜ਼ਿਆਦਾ ਜ਼ਿਮੇਵਾਰੀ ਸਾਡੇ ਧਾਰਮਕ ਆਗੂਆਂ ਜਾਂ ਪ੍ਰਚਾਰਕਾਂ ਦੇ ਜ਼ਿੰਮੇ ਹੈ। ਸਾਡਾ ਹੁਣ ਨਿਸਚਾ ਹੈ ਕਿ ਸਿਖ ਧਰਮ ਮਨੁਖੀ ਜੀਵਨ ਨੂੰ ਹਰ ਪ੍ਰਕਾਰ ਸਫਲ ਬਣਾਉਣ ਵਿਚ ਸਹਾਇਤਾ ਕਰਦਾ ਹੈ ਤੇ ਇਸ ਦੇ ਤੁਲ ਹੋਰ ਕੋਈ ਮਿੱਤ੍ਰ ਹੀ ਨਹੀਂ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਧਾਰਮਕ ਪੁਰਸ਼ ਸਬੰਧੀ ਲਿਖਿਆ ਹੈ :—

ਇਹ ਲੋਕ ਸੁਖੀਏ ਪਰਲੋਕ ਸੁਹੇਲੇ।

ਜਿਸ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਪਹਿਲੇ ਧਾਰਮਕ ਇਨਸਾਨ ਦਾ ਲੋਕ ਸੁਖੀ ਹੁੰਦਾ ਹੈ, ਫੇਰ ਪਰਲੋਕ ਸੁਖੀ ਹੁੰਦਾ ਹੈ। ਇਨਸਾਨ ਦੀ ਇਸ ਵੇਲੇ ਵਡੀ ਜ਼ਰੂਰਤ ਵੀ ਇਹੋ ਹੈ। ਇਨਸਾਨ ਹਮੇਸ਼ਾਂ ਇਹ ਚਾਹੁੰਦਾ ਹੈ ਕਿ ਉਸ ਦੀ ਇਹ ਦੁਨੀਆਂ ਵੀ ਸੁਖੀ ਹੋਵੇ ਤੇ ਨਾਲ-ਨਾਲ ਅਗਲੀ ਦੁਨੀਆਂ ਵੀ ਸੌਰਦੀ ਜਾਏ। ਗੁਰੂ ਨਾਨਕ ਸਾਹਿਬ ਦੀ ਤਾਲੀਮ ਦੀ ਵਡੀ ਖੂਬੀ ਹੀ ਇਹ ਹੈ ਕਿ ਇਸ ਨੂੰ ਹਾਸਲ ਕਰ ਕੇ ਇਨਸਾਨ ਸਰੀਰਕ, ਮਾਨਸਕ ਅਤੇ ਆਤਮਕ ਹਰ ਪਹਿਲੂ ਤੋਂ ਕਾਮਯਾਬ ਹੋ ਜਾਂਦਾ ਹੈ।

ਧਰਮ ਸੰਬਧੀ ਲੋਕਾਂ ਦੀ ਅਣਗਹਿਲੀ ਤਦ ਤਕ ਦੂਰ ਨਹੀਂ

ਹੋ ਸਕੇਗੀ ਜਦ ਤਕ ਸਾਡੇ ਪ੍ਰਚਾਰਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਲੀਮ ਦੇ ਉਸ ਹਿਸੇ ਨੂੰ ਪਬਲਿਕ ਦੇ ਸਾਹਮਣੇ ਸੁਚੱਜੇ ਤੇ ਵਿਗਿਆਨਕ ਤ੍ਰੀਕੇ ਵਿਚ ਪੇਸ਼ ਨਹੀਂ ਕਰਨਗੇ ਜਿਹੜਾ ਕਿ ਇਨਸਾਨ ਦੇ ਮੌਜੂਦਾ ਜੀਵਨ ਨੂੰ ਹਰ ਪ੍ਰਕਾਰ ਨਾਲ ਸਫਲ ਬਣਾਉਣ ਵਿਚ ਸਹਾਈ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਲੀਮ ਅਨੁਸਾਰ ਮਨੁਖ ਦਾ ਜੀਵਨ ਖੁਸ਼ੀਆਂ ਤੇ ਸੁਖਾਂ ਦੀ ਅਟੁਟ ਲੜੀ ਹੋਣਾ ਚਾਹੀਦਾ ਹੈ।

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ।
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ
ਵਿਚੇ ਹੋਵੈ ਮੁਕਤਿ।

ਪੰਜਾਂ ਪਿਆਰਿਆਂ ਦਾ ਕੜਾਹ ਪ੍ਰਸ਼ਾਦ

ਸਿਖ ਦੀਵਾਨਾਂ ਦੀ ਸਮਾਪਤੀ ਉਤੇ ਕੜਾਹ ਪ੍ਰਸ਼ਾਦ ਦੀ ਦੇਗ ਆਮ ਸੰਗਤਾਂ ਵਿਚ ਵਰਤਾਏ ਜਾਣ ਤੋਂ ਪਹਿਲਾਂ ਤੇ ਅਰਦਾਸ ਤੋਂ ਮਗਰੋਂ ਪੰਜਾਂ ਪਿਆਰਿਆਂ ਦਾ ਕੜਾਹ ਪ੍ਰਸ਼ਾਦ ਵਰਤਾਇਆ ਜਾਂਦਾ ਹੈ।

ਇਹ 'ਪੰਜਾਂ ਪਿਆਰਿਆਂ ਦਾ ਕੜਾਹ ਪ੍ਰਸ਼ਾਦ' ਵਰਤਾਣ ਵੇਲੇ ਅਜਕਲ ਆਮ ਤੌਰ ਤੇ ਬੜਾ ਤਮਾਸ਼ਾ ਹੁੰਦਾ ਹੈ। ਥਾਲੀ ਵਿਚ ਕੜਾਹ ਪ੍ਰਸ਼ਾਦ ਲੈ ਕੇ ਵਰਤਾਣ ਵਾਲਾ ਸੰਗਤਾਂ ਦੇ ਇਕ ਪਾਸਿਓਂ ਦੂਸਰੇ ਪਾਸੇ ਤਕ ਫਿਰੀ ਜਾਂਦਾ ਹੈ ਅਤੇ ਆਖਦਾ ਹੈ, 'ਪੰਜਾਂ ਪਿਆਰਿਆਂ ਦਾ ਪ੍ਰਸ਼ਾਦ ਲਵੋਗੇ?' ਕਈ ਵਾਰੀ ਅਸਾਂ ਦੇਖਿਆ ਹੈ ਕਿ ਸਾਰੀ ਸੰਗਤ ਵਿਚੋਂ ਕੋਈ ਸ਼ਖਸ ਇਸ ਪ੍ਰਸ਼ਾਦ ਨੂੰ ਲੈਣ ਵਾਲਾ ਨਹੀਂ ਹੁੰਦਾ ਅਤੇ ਅਖੀਰ 'ਚ ਇਹ 'ਪੰਜਾਂ ਪਿਆਰਿਆਂ ਦਾ ਪ੍ਰਸ਼ਾਦ', ਕੜਾਹ ਪ੍ਰਸ਼ਾਦ ਦੀ ਦੇਗ ਵਿਚ ਮੁੜ ਉਲਟਾਇਆ ਜਾਂਦਾ ਹੈ। ਕਈ ਵਾਰੀ ਪਹਿਲੋਂ ਹੀ ਥਾਲ ਵਿਚ ਕੜਾਹ ਦੀਆਂ ਪੰਜ ਢੇਰੀਆਂ ਪੰਜਾਂ ਪਿਆਰਿਆਂ ਦੀਆਂ ਲਗਾ ਕੇ ਉਸੇ ਵੇਲੇ ਦੇਗ ਵਿਚ ਉਲਟਾਈਆਂ ਜਾਂਦੀਆਂ ਹਨ।

ਐਸਾ ਕਿਉਂ ਹੁੰਦਾ ਹੈ ? ਇਸ ਵਾਸਤੇ ਕਿ ਸਿਖਾਂ ਵਿਚ ਆਮ ਗਲਤਫਹਿਮੀ ਫੈਲੀ ਹੋਈ ਹੈ ਕਿ 'ਪੰਜਾਂ ਪਿਆਰਿਆਂ ਦਾ ਪ੍ਰਸ਼ਾਦ'

ਉਹੀ ਸ਼ਖਸ ਲੈ ਸਕਦਾ ਹੈ ਜਿਸ ਦਾ ਜੀਵਨ ਗੁਰਸਿਖੀ ਦੇ ਦ੍ਰਿਸ਼ਟੀਕੋਣ ਤੋਂ ਪੂਰਨ ਬੇਦਾਗ ਹੋਵੇ ਕਿਉਂਕਿ ਇਸ ਖਿਆਲ ਜਾਂ ਸ਼ਰਤ ਦੇ ਅਨੁਸਾਰ ਕੋਈ ਸਿਖ ਛਾਤੀ ਤੇ ਹੱਥ ਧਰ ਕੇ ਨਹੀਂ ਆਖ ਸਕਦਾ ਕਿ ਉਹ ਗੁਰਸਿਖੀ ਵਿੱਚ ਹਰ ਪਹਿਲੂ ਤੋਂ ਪ੍ਰਪੱਕ ਹੈ, ਇਸ ਵਾਸਤੇ ਸੰਗਤਾਂ ਵਿਚ ਇਸ 'ਪੰਜਾਂ ਪਿਆਰਿਆਂ ਦੇ ਪ੍ਰਸ਼ਾਦ' ਨੂੰ ਲੈਣੋਂ ਸਭ ਝਿਜਕਦੇ ਤੇ ਇਨਕਾਰ ਕਰਦੇ ਹਨ। ਅਸੀਂ ਇਸ ਪ੍ਰਸ਼ਾਦ ਨੂੰ ਲੈਣ ਵਾਲੇ ਕਈ ਵਾਰੀ ਉਹ ਆਦਮੀ ਦੇਖੇ ਹਨ ਜਿਨ੍ਹਾਂ ਨੂੰ ਅੰਮ੍ਰਿਤ ਛਕਿਆਂ ਹਫਤਾ ਦੋ ਹਫਤੇ ਹੀ ਹੋਏ ਹੋਣ ਅਤੇ ਕਿਉਂਕਿ ਉਹਨਾਂ ਪਾਸ ਅੰਮ੍ਰਿਤ ਛਕਣ ਵੇਲੇ ਧਾਰਨ ਕਰਾਏ ਗਏ ਸਾਰੇ ਕਕਾਰ ਮੌਜੂਦ ਹੁੰਦੇ ਹਨ, ਇਸ ਵਾਸਤੇ ਕੜਾਹ ਪ੍ਰਸ਼ਾਦ ਲੈਣ ਦਾ ਉਹਨਾਂ ਨੂੰ ਹੱਕਦਾਰ ਸਮਝਿਆ ਜਾਂਦਾ ਹੈ।

ਅਸੀਂ ਮੁੜ ਦੋਹਰਾਵਾਂਗੇ ਕਿ ਸਿਖਾਂ ਵਿਚ ਇਹ ਗਲਤਫਹਿਮੀ ਹੈ ਕਿ ਪੰਜਾਂ ਪਿਆਰਿਆਂ ਦਾ ਕੜਾਹ ਪ੍ਰਸ਼ਾਦ ਕੇਵਲ ਉਸ ਸ਼ਖਸ ਨੂੰ ਮਿਲਣਾ ਚਾਹੀਦਾ ਹੈ ਜਿਸ ਦਾ ਜੀਵਨ ਗੁਰਸਿਖੀ ਅਸੂਲਾਂ ਅਨੁਸਾਰ ਬੇਦਾਗ ਹੋਵੇ। ਇਸ ਸ਼ਰਤ ਅਨੁਸਾਰ ਕੋਈ ਵਿਚਾਰਵਾਨ ਤੇ ਸੱਚਾ ਸਿਖ 'ਪੰਜਾਂ ਪਿਆਰਿਆਂ ਦਾ ਪ੍ਰਸ਼ਾਦ' ਨਹੀਂ ਲੈ ਸਕਦਾ ਅਤੇ ਜੋ ਲੈ ਵੀ ਲੈਂਦੇ ਹਨ ਉਨ੍ਹਾਂ ਨੂੰ ਜ਼ਰਾ ਦੀਰਘ ਵਿਚਾਰ ਆਉਣ ਪਰ ਆਪਣੀ ਭੁਲ ਦਾ ਪਤਾ ਲਗ ਜਾਵੇਗਾ। ਆਪਣੇ ਆਪ ਨੂੰ ਗੁਰਸਿਖੀ ਵਿਚ ਪੂਰਨ ਜਾਂ ਬੇਦਾਗ ਸਮਝਣਾ ਹੀ ਵਡੀ ਅਪੂਰਨਤਾ ਤੇ ਊਣਤਾਈ ਹੈ, ਅਤੇ ਹੈ ਵੀ ਇਹ ਗੱਲ ਸੋਲਾਂ ਆਨੇ ਦਰੁਸਤ। ਕੌਣ ਸ਼ਖਸ ਹੈ ਜਿਸ ਨੂੰ ਵਿਚਾਰ ਨਾਲ ਦੇਖਣ ਉਤੇ

ਆਪਣੇ ਅੰਦਰ ਊਣਤਾਈਆਂ ਨਜ਼ਰ ਨਹੀਂ ਆਉਣਗੀਆਂ ?

ਪੂਰਨ ਸਿੱਖ ਤਾਂ ਗੁਰੂ ਅਰਜਨ ਦੇਵ ਜੀ ਵੀ ਆਪਣੇ ਆਪ ਨੂੰ ਨਹੀਂ ਸਨ ਮੰਨਦੇ। ਹਜ਼ੂਰ ਦੇ ਖਿਆਲ ਵਿਚ ਚਾਰ ਪੂਰਨ ਸਿਖ, ਪਹਿਲੀਆਂ ਚਾਰ ਪਾਤਸ਼ਾਹੀਆਂ ਹੀ ਸਨ ਅਤੇ ਆਪਣੇ ਆਪ ਨੂੰ ਉਹ ਅੱਧਾ ਸਿਖ ਸਮਝਦੇ ਹਨ।

ਇਹ ਖਿਆਲ ਕਿ ਪੰਜਾਂ ਪਿਆਰਿਆਂ ਦਾ ਪ੍ਰਸ਼ਾਦ ਕੇਵਲ ਉਸ ਨੂੰ ਮਿਲੇ ਜੋ ਪੂਰਨ ਹੋਵੇ, ਵਿਗਿਆਨਕ ਤੌਰ ਤੇ ਬਿਲਕੁਲ ਹੀ ਗਲਤ ਤੇ ਅਸੰਭਵ ਹੈ। ਜਦ ਤਕ ਜੀਵ ਹੈ ਪੂਰਨ ਹੋ ਹੀ ਨਹੀਂ ਸਕਦਾ। ਉਹ ਇਨਸਾਨ ਨਹੀਂ ਜੋ ਭੁਲਣਹਾਰ ਨਾ ਹੋਵੇ। ਉਹ ਸਿਖ ਹੀ ਨਹੀਂ ਜੋ ਆਪਣੇ ਆਪ ਨੂੰ ਅਭੁਲ ਖਿਆਲ ਕਰਦਾ ਹੈ, ਕਿਉਂਕਿ ਜੀਵਨ ਹੈ ਹੀ ਭੁਲਾਂ ਤੇ ਊਣਤਾਈਆਂ ਦਾ ਇਕ ਲਗਾਤਾਰ ਸਿਲਸਲਾ।

ਮਾਟੀ ਕਾ ਕਿਆ ਧੋਪੈ ਸੁਆਮੀ
ਮਾਣਸ ਕੀ ਗਤਿ ਏਹੀ।

ਕਬੀਰ ਸਭ ਤੇ ਹਮ ਬੁਰੇ,
ਹਮ ਤਜਿ ਭਲੋ ਸਭੁ ਕੋਇ।
ਜਿਨਿ ਐਸਾ ਕਰਿ ਬੁਝਿਆ,
ਮੀਤੁ ਹਮਾਰਾ ਸੋਇ।

ਭੁਲਣ ਅੰਦਰਿ ਸਭੁ ਕੋ, ਅਭੁਲੁ ਗੁਰੂ ਕਰਤਾਰੁ।

ਸਾਡੇ ਖਿਆਲ ਵਿਚ ਜੋ ਆਦਮੀ ਵਿਚਾਰ ਤੇ ਸਚਾਈ ਤੋਂ ਕੰਮ ਲੈ ਕੇ, ਪੰਜਾਂ ਪਿਆਰਿਆਂ ਦਾ ਪ੍ਰਸ਼ਾਦ ਲੈਣ ਤੋਂ ਇਨਕਾਰ ਕਰ ਦੇਂਦਾ ਹੈ, ਉਹ ਉਸ ਆਦਮੀ ਨਾਲੋਂ ਜੋ ਬਿਨਾਂ ਸੋਚੇ ਸਮਝੇ ਜਾਂ ਆਪਣੇ ਪਾਸ ਬਾਹਰ ਦੇ ਪੰਜ ਕਕਾਰ ਹੋਣ ਕਰ ਕੇ ਹੀ ਆਪਣੇ ਆਪ ਨੂੰ ਪੂਰਾ ਸਮਝ ਕੇ, ਪੰਜਾਂ ਪਿਆਰਿਆਂ ਦਾ ਪ੍ਰਸ਼ਾਦ ਲੈ ਲੈਂਦਾ ਹੈ, ਵਿਗਿਆਨਕ ਤੌਰ ਤੇ ਕਿਤੇ ਅਛਾ ਹੈ।

'ਪੰਜਾਂ ਪਿਆਰਿਆਂ ਦਾ ਕੜਾਹ ਪ੍ਰਸ਼ਾਦ' ਹਰ ਸਿਖ ਦੀਵਾਨ ਵਿਚ ਵਰਤਾਏ ਜਾਣ ਦਾ ਅਸਲ ਭਾਵ, ਪੰਜਾਂ ਪਿਆਰਿਆਂ ਦੀ ਯਾਦ ਨੂੰ ਕਾਇਮ ਰਖਣਾ ਹੈ। ਜਿਵੇਂ ਅਰਦਾਸ ਵਿਚ ਪੰਜਾਂ ਪਿਆਰਿਆਂ ਦਾ ਨਾਮ ਰੋਜ਼ ਦੁਹਰਾਇਆ ਜਾਂਦਾ ਹੈ, ਉਸੇ ਤਰ੍ਹਾਂ ਕੜਾਹ ਪ੍ਰਸ਼ਾਦ ਦੇ ਵਰਤਾਣ ਵੇਲੇ, ਜਿਵੇਂ ਗ੍ਰੰਥੀ ਜੀ ਦੇ ਨਉਰੋ ਦਾ ਕੜਾਹ ਪ੍ਰਸ਼ਾਦ, ਮੰਜੀ ਸਾਹਿਬ ਹੇਠਾਂ ਰਖਿਆ ਜਾਂਦਾ ਹੈ ਉਸੇ ਤਰ੍ਹਾਂ ਪੰਜਾਂ ਪਿਆਰਿਆਂ ਦਾ ਕੜਾਹ ਪ੍ਰਸ਼ਾਦ, ਉਹਨਾਂ ਦੀ ਯਾਦ ਨੂੰ ਕਾਇਮ ਰਖਣ ਵਾਸਤੇ ਵਰਤਾਇਆ ਜਾਂਦਾ ਹੈ, ਜੋ ਕਿ ਸੰਗਤ ਵਿਚ ਬੈਠੇ ਹਰ ਇਕ ਗੁਰਸਿਖ ਨੂੰ ਲੈਣ ਦਾ ਅਧਿਕਾਰ ਹੋਣਾ ਚਾਹੀਦਾ ਹੈ।

ਅਸੀਂ ਇਸ ਲੇਖ ਦਵਾਰਾ ਸ਼ਰੋਮਣੀ ਕਮੇਟੀ ਅੰਮ੍ਰਿਤਸਰ ਦਾ ਖਿਆਲ, ਸਿਖਾਂ ਵਿਚ ਪ੍ਰਚਲਤ ਗਲਤਫਹਿਮੀ ਵਲ ਦਿਲਾਂਦੇ ਹਾਂ ਅਤੇ ਬੇਨਤੀ ਕਰਦੇ ਹਾਂ ਕਿ ਉਹ ਇਸ ਮਾਮਲੇ ਦੇ ਸਭ ਪਹਿਲੂਆਂ ਨੂੰ ਵਿਚਾਰ ਕੇ ਇਸ ਸਬੰਧ ਵਿਚ ਕੋਈ ਐਸੀ ਅਗਵਾਈ ਕਰੇ

ਜਿਸ ਨਾਲ 'ਪੰਜਾਂ ਪਿਆਰਿਆਂ ਦਾ ਪ੍ਰਸ਼ਾਦ' ਬਗੈਰ ਸੰਕੋਚ ਦੇ ਗੁਰੂ ਦੀ ਹਜ਼ੂਰੀ ਵਿਚ ਸੰਗਤ ਦੇ ਹਰ ਮੈਂਬਰ ਨੂੰ ਮਿਲ ਸਕੇ ਜੇ ਐਸਾ ਨਾ ਕੀਤਾ ਗਿਆ ਤਾਂ ਪੰਜਾਂ ਪਿਆਰਿਆਂ ਦਾ ਪ੍ਰਸ਼ਾਦ, ਜਿਸ ਤਰ੍ਹਾਂ ਕਿ ਹੁਣ ਰੀਤੀ ਚਲ ਪਈ ਹੈ, ਸੰਗਤ ਵਿਚ ਬੈਠਾ ਕੋਈ ਸੱਜਣ ਨਹੀਂ ਲੈ ਸਕਿਆ ਕਰੇਗਾ ਅਤੇ ਸਹਿਜਧਾਰੀਆਂ ਦੇ ਦੀਵਾਨਾਂ ਵਿਚ ਤਾਂ ਪੰਜਾਂ ਪਿਆਰਿਆਂ ਦਾ ਪ੍ਰਸ਼ਾਦ ਵਰਤਾਣਾ ਅਸੰਭਵ ਹੋ ਜਾਵੇਗਾ ਅਤੇ ਹੌਲੀ-ਹੌਲੀ ਪੰਜਾਂ ਪਿਆਰਿਆਂ ਦੀ ਯਾਦਗਾਰ ਮਿਟ ਜਾਵੇਗੀ ।

ਗਿਆਨ ਤੇ ਉਸ ਦੀ ਵਰਤੋਂ

ਗਿਆਨ ਭਾਵੇਂ ਕਿਸੇ ਕਿਸਮ ਦਾ ਹੋਵੇ, ਜਦ ਤਕ ਉਸ ਨੂੰ ਵਰਤ ਕੇ ਨਤੀਜੇ ਪੈਦਾ ਨਾ ਕੀਤੇ ਜਾਣ, ਕਿਸੇ ਕੰਮ ਦਾ ਨਹੀਂ ਹੁੰਦਾ। ਗਿਆਨ ਨੂੰ ਹਾਸਲ ਕਰਨਾ ਹੋਰ ਗੱਲ ਹੈ ਅਤੇ ਗਿਆਨ ਨੂੰ ਵਰਤਣਾ ਤੇ ਵਰਤ ਕੇ ਨਤੀਜੇ ਕਢਣੇ ਹੋਰ ਗੱਲ ਹੈ। ਜੇ ਕੋਈ ਬਿਜਲੀ ਦੇ ਗਿਆਨ ਜਾਂ ਅਸੂਲਾਂ ਨੂੰ ਕਿਤਾਬਾਂ ਪੜ੍ਹ ਕੇ ਜਾਂ ਪ੍ਰੋਫੈਸਰ ਤੋਂ ਸੁਣ ਕੇ ਸਮਝ ਲਵੇ ਪਰ ਉਸ ਗਿਆਨ ਨੂੰ ਵਰਤੇ ਨਾ, ਤਾਂ ਉਸ ਦਾ ਬਿਜਲੀ ਸਬੰਧੀ ਕੇਵਲ ਗਿਆਨ ਉਸ ਨੂੰ ਕੋਈ ਲਾਭ ਨਹੀਂ ਪਹੁੰਚਾ ਸਕਦਾ। ਅਗਰ ਬਿਜਲੀ ਦੇ ਅਸੂਲਾਂ ਨੂੰ ਸਮਝਣ ਵਾਲਾ ਪਰੋਫੈਸਰ ਵੀ ਉਨ੍ਹਾਂ ਅਸੂਲਾਂ ਨੂੰ ਦੂਸਰੇ ਲੋਕਾਂ ਨੂੰ ਚੰਗੀ ਤਰ੍ਹਾਂ ਸਮਝਾਂਦਾ ਰਹੇ, ਬਿਜਲੀ ਸਬੰਧੀ ਬੜੇ ਵਾਕਫੀਅਤ ਭਰੇ ਲੈਕਚਰ ਦੇਂਦਾ ਰਹੇ ਪਰ ਬਿਜਲੀ ਦੇ ਅਸੂਲਾਂ ਨੂੰ ਆਪ ਵਰਤੋਂ ਵਿਚ ਨਾ ਲਿਆਵੇ ਤਾਂ ਬਿਜਲੀ ਦੇ ਅਸੂਲ ਉਸ ਦਾ ਇਸ ਵਾਸਤੇ ਲਿਹਾਜ਼ ਨਹੀਂ ਕਰਨਗੇ ਕਿ ਉਸ ਨੂੰ ਬਿਜਲੀ ਦੇ ਅਸੂਲਾਂ ਦਾ ਗਿਆਨ ਹੈ ਅਤੇ ਉਹ ਉਹਨਾਂ ਅਸੂਲਾਂ ਦਾ ਚੰਗੀ ਤਰ੍ਹਾਂ ਪ੍ਰਚਾਰ ਕਰ ਸਕਦਾ ਹੈ। ਬਿਜਲੀ ਦਾ ਗਿਆਨ ਕੇਵਲ ਉਸੇ ਆਦਮੀ ਨੂੰ ਲਾਭ ਪਹੁੰਚਾ ਸਕਦਾ ਹੈ, ਜਿਹੜਾ ਉਸ ਗਿਆਨ ਨੂੰ ਵਰਤੋਂ ਵਿਚ ਲਿਆਵੇ ਅਤੇ ਉਹਨਾਂ ਤੋਂ ਨਤੀਜੇ ਪੈਦਾ ਕਰੇ।

ਇਕ ਆਦਮੀ ਆਪ ਤਾਂ ਬਿਜਲੀ ਦੇ ਅਸੂਲਾਂ ਤੋਂ ਚੰਗਾ ਜਾਣੂ ਨਹੀਂ, ਪਰ ਉਸ ਨੂੰ ਇਹ ਪਤਾ ਲਗ ਜਾਵੇ ਕਿ ਬਿਜਲੀ ਦੇ ਨਿਯਮ ਕਿਸੇ ਦੀ ਮਲਕੀਅਤ ਨਹੀਂ, ਜਿਹੜਾ ਉਹਨਾਂ ਨੂੰ ਠੀਕ ਵਰਤੇ ਉਹ ਉਸੇ ਦਾ ਭਲਾ ਕਰਦੇ ਹਨ ਅਤੇ ਜੋ ਬਿਜਲੀ ਮਿਸਤ੍ਰੀ ਨੂੰ ਬੁਲਾ ਕੇ ਆਪਣੇ ਘਰ ਵਿਚ ਬਿਜਲੀ ਦੀਆਂ ਤਾਰਾਂ ਲਗਵਾ ਲਵੇ ਤਾਂ ਬਿਜਲੀ ਉਸ ਦਾ ਘਰ ਉਸੇ ਤਰ੍ਹਾਂ ਰੌਸ਼ਨ ਕਰੇਗੀ, ਉਸ ਦੇ ਘਰ ਦੇ ਪੱਖੇ ਉਸੇ ਤਰ੍ਹਾਂ ਚਲਾਵੇਗੀ, ਜਿਵੇਂ ਕਿ ਬਿਜਲੀ ਮਿਸਤ੍ਰੀ ਦੇ ਘਰ ਰੌਸ਼ਨੀ ਕਰਦੀ ਤੇ ਪੱਖੇ ਚਲਾਂਦੀ ਹੈ। ਜੇਕਰ ਬਿਜਲੀ ਮਿਸਤ੍ਰੀ ਚਾਹੇ ਕਿ ਕਿਉਂਕਿ ਉਹ ਬਿਜਲੀ ਸਬੰਧੀ ਬਹੁਤ ਕੁਝ ਜਾਣਦਾ ਹੈ ਅਤੇ ਹਮੇਸ਼ਾ ਬਿਜਲੀ ਦੇ ਗੁਣਾਂ ਦਾ ਪ੍ਰਚਾਰ ਕਰਦਾ ਹੈ; ਇਸ ਵਾਸਤੇ ਉਹ ਆਪਣੇ ਘਰ ਵਿਚ ਬਿਜਲੀ ਦੇ ਨਿਯਮਾਂ ਦੀ ਕਿਸੇ ਤਰ੍ਹਾਂ ਉਲੰਘਣਾ ਵੀ ਕਰ ਲਵੇ ਤਾਂ ਵੀ ਬਿਜਲੀ ਉਸ ਦਾ ਲਿਹਾਜ਼ ਕਰੇ ਅਤੇ ਉਸ ਦੇ ਘਰ ਵਿਚ ਰੌਸ਼ਨੀ ਦੇਵੇ ਅਤੇ ਪੱਖੇ ਚਲਾਵੇ, ਤਾਂ ਉਸ ਨੂੰ ਬਿਜਲੀ ਡਾਢਾ ਨਿਰਾਸ ਕਰੇਗੀ। ਬਿਜਲੀ ਦਾ ਗਿਆਨ ਉਸ ਆਦਮੀ ਨੂੰ ਲਾਭ ਪੁਚਾ ਸਕਦਾ ਹੈ, ਜਿਹੜਾ ਉਸ ਗਿਆਨ ਨੂੰ ਠੀਕ ਵਰਤੋਂ ਵਿਚ ਲਿਆ ਸਕੇ। ਬਿਜਲੀ ਦਾ ਗਿਆਨ ਕਿਸੇ ਕੰਮ ਨਹੀਂ ਜਦ ਤਕ ਉਸ ਨੂੰ ਵਰਤ ਕੇ ਨਤੀਜੇ ਪੈਦਾ ਨਾ ਕੀਤੇ ਜਾਣ।

ਗਿਆਨ ਚਾਹੇ ਕਿਸੇ ਪ੍ਰਕਾਰ ਦਾ ਹੋਵੇ, ਵਰਤੇ ਬਗ਼ੈਰ ਨਤੀਜੇ ਨਹੀਂ ਕਢਦਾ। ਆਤਮਾ ਦਾ ਗਿਆਨ ਵੀ ਹੋਰ ਸਭ ਪ੍ਰਕਾਰ ਦੇ ਗਿਆਨ ਦੀ ਤਰ੍ਹਾਂ ਉਸੇ ਆਦਮੀ ਨੂੰ ਲਾਭ ਪਹੁੰਚਾ ਸਕਦਾ ਹੈ,

ਜਿਹੜਾ ਇਸ ਨੂੰ ਵਰਤੋਂ ਵਿਚ ਲਿਆ ਕੇ ਨਤੀਜੇ ਕਢੇ, ਐਵੇਂ ਕਿਸੇ ਕੰਮ ਦਾ ਨਹੀਂ। ਧਾਰਮਕ ਜਾਂ ਆਸਤਕ ਲੋਕਾਂ ਵਿਚ ਮੁੱਦਤ ਤੋਂ ਇਹ ਭੁਲੇਖਾ ਚਲਿਆ ਆਉਂਦਾ ਹੈ ਕਿ ਆਤਮਕ ਗਿਆਨ ਨੂੰ ਸਮਝਣਾ ਜਾਂ ਜਾਨਣਾ ਹੀ ਕਾਫੀ ਹੁੰਦਾ ਹੈ। ਆਮ ਕਰ ਕੇ ਧਾਰਮਕ ਲੋਕ ਆਤਮਕ ਗਿਆਨ ਨੂੰ ਹਰ ਰੋਜ਼ ਦੁਹਰਾਣਾ ਜਾਂ ਆਤਮਕ ਗਿਆਨ ਦਾ ਰੋਜ਼ ਪਾਠ ਕਰਨਾ ਹੀ ਆਪਣੇ ਭਲੇ ਲਈ ਕਾਫੀ ਸਮਝਦੇ ਹਨ। ਪਵਿਤ੍ਰ ਅੰਜੀਲ, ਕੁਰਾਨ ਮਜੀਦ, ਵੇਦ ਸ਼ਾਸਤ੍ਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਤਮਕ ਗਿਆਨ ਨਾਲ ਭਰਪੂਰ ਗ੍ਰੰਥ ਹਨ। ਇਹਨਾਂ ਗ੍ਰੰਥਾਂ ਦਾ ਰੋਜ਼ ਪਾਠ ਕਰਨ ਵਾਲੇ ਜਾਂ ਇਹਨਾਂ ਗ੍ਰੰਥਾਂ ਵਿਚ ਲਿਖੇ ਆਤਮਕ ਗਿਆਨ ਨੂੰ ਰੋਜ਼ ਦੁਹਰਾਣ ਵਾਲੇ ਜੇ ਕੇਵਲ ਪਾਠ ਕਰਨ ਨੂੰ ਹੀ ਕਾਫੀ ਸਮਝ ਲੈਣ ਤਾਂ ਉਹਨਾਂ ਦੀ ਇਸ ਤੋਂ ਵਧ ਹੋਰ ਬਦਕਿਸਮਤੀ ਕੀ ਹੋ ਸਕਦੀ ਹੈ ? ਗਿਆਨ ਨੂੰ ਕੇਵਲ ਸਮਝਣ ਅਤੇ ਰੋਜ਼ ਦੁਹਰਾਣ ਜਾਂ ਗਿਆਨ ਦਾ ਰੋਜ਼ਾਨਾ ਪਾਠ ਕਰਨ ਨੂੰ ਗਿਆਨ ਦੀ ਵਰਤੋਂ ਸਮਝ ਲੈਣ ਦੀ ਗਲਤੀ ਕੇਵਲ ਧਾਰਮਕ ਲੋਕਾਂ ਵਿਚ ਹੀ ਪਾਈ ਜਾਂਦੀ ਹੈ। ਬਹੁਤੇ ਧਾਰਮਕ ਲੋਕ ਗਿਰਜੇ ਵਿਚ ਜਾ ਕੇ ਬਾਈਬਲ ਸੁਣਨ-ਸੁਣਾਨ, ਮਸੀਤ ਵਿਚ ਜਾ ਕੇ ਨਮਾਜ਼ ਪੜ੍ਹਨ-ਪੜ੍ਹਾਣ, ਗੁਰਦੁਆਰੇ ਵਿਚ ਜਾ ਕੇ ਕੀਰਤਨ ਕਰਨ-ਕਰਾਣ ਨੂੰ ਹੀ ਆਤਮਕ ਗਿਆਨ ਦੀ ਵਰਤੋਂ ਸਮਝੀ ਬੈਠੇ ਹਨ। ਭਾਵੇਂ ਦੁਨੀਆਂ ਦੇ ਹੋਰ ਮਜ਼ਹਬਾਂ ਦੇ ਬਹੁਤੇ ਪੈਰੋਕਾਰਾਂ ਦਾ ਵੀ ਇਹੀ ਹਾਲ ਹੈ, ਪਰ ਕਿਉਂਕਿ ਅਸੀਂ ਸਿਖ ਧਰਮ ਨਾਲ ਸੰਬੰਧਤ ਹਾਂ, ਇਸ ਵਾਸਤੇ ਇਸ ਲੇਖ ਵਿਚ

ਸਿਖ ਧਰਮ ਦੇ ਪੈਰੋਕਾਰਾਂ ਸਬੰਧੀ ਹੀ ਜ਼ਿਕਰ ਕਰਾਂਗੇ। ਸਿਖ ਕੌਮ ਵਿਚ ਕਿਸੇ ਚੰਗੇ ਪ੍ਰੇਮੀ ਗੁਰਸਿਖ ਨੂੰ ਪੁਛੋ ਕਿ ਉਹ ਗੁਰੂ ਨਾਨਕ ਸਾਹਿਬ ਦੀ ਤਾਲੀਮ ਨਾਲ ਕੀ ਸਲੂਕ ਕਰਦਾ ਹੈ ? ਤਾਂ ਉਹ ਆਖੇਗਾ ਕਿ ਮੈਂ ਗੁਰੂ ਨਾਨਕ ਸਾਹਿਬ ਨੂੰ ਪੂਰਨ ਅਵਤਾਰ ਮੰਨਦਾ ਹਾਂ, ਉਹਨਾਂ ਦੀ ਬਾਣੀ (ਉਪਦੇਸ਼) ਨੂੰ ਮਹਾਂ-ਪਵਿਤ੍ਰ ਸਮਝਦਾ ਹਾਂ, ਮੈਂ ਇਸ ਬਾਣੀ ਦਾ ਰੋਜ਼ ਅਧੀ ਰਾਤ ਵੇਲੇ ਉਠ ਕੇ ਪਾਠ ਕਰਦਾ ਹਾਂ। ਜੇ ਉਸ ਤੋਂ ਪੁਛੋ ਕਿ ਅਗੋਂ ਫੇਰ ਕੀ ਕਰਦਾ ਹੈਂ ? ਤਾਂ ਉਹ ਤੁਹਾਡੇ ਮੂੰਹ ਵਲ ਤਕੇਗਾ ਅਤੇ ਆਖੇਗਾ ਕਿ ਬੱਸ, ਅਗੇ ਹੋਰ ਕੀ ? ਗੁਰਬਾਣੀ ਦਾ ਰੋਜ਼ ਪਾਠ ਕਰਨ ਤੋਂ ਅਗੇ ਹੋਰ ਵਧੇਰੇ ਹੋ ਹੀ ਕੀ ਸਕਦਾ ਹੈ ? ਸਿਖਾਂ ਦੇ ਅਜਕਲ ਦੇ ਰਾਗੀਆਂ, ਪ੍ਰਚਾਰਕਾਂ, ਗਿਆਨੀਆਂ, ਧਾਰਮਕ ਲੀਡਰਾਂ ਕੋਲੋਂ ਪੁਛੋ ਕਿ ਗੁਰਸਿਖਾਂ ਨੂੰ ਕੀ ਕਰਨਾ ਚਾਹੀਦਾ ਹੈ ਤਾਂ ਉਹ ਝਟ ਆਖਣਗੇ ਕਿ ਗੁਰਸਿਖ ਨੂੰ ਸਵੇਰੇ ਉਠਣਾ ਚਾਹੀਦਾ ਹੈ, ਅਸ਼ਨਾਨ ਕਰਨਾ ਚਾਹੀਦਾ ਹੈ, ਅਸ਼ਨਾਨ ਕਰ ਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨਾ ਚਾਹੀਦਾ ਹੈ ਅਤੇ ਫੇਰ ਗੁਰਬਾਣੀ ਦਾ ਕੀਰਤਨ ਜਾਂ ਪਾਠ ਕਰਨਾ ਚਾਹੀਦਾ ਹੈ। ਅਗਰ ਪੁਛੋ ਕਿ ਗੁਰਬਾਣੀ ਦੇ ਪਾਠ ਮਗਰੋਂ ਫੇਰ ਕੀ ਕਰਨਾ ਚਾਹੀਦਾ ਹੈ? ਤਾਂ ਉਹ ਵੀ ਤੁਹਾਡੇ ਵਲ ਹੈਰਾਨੀ ਨਾਲ ਤੱਕਣਗੇ ਅਤੇ ਤੁਹਾਡਾ ਮਤਲਬ ਨਹੀਂ ਸਮਝਣਗੇ। ਇਸ ਦਾ ਕਾਰਨ ਇਹ ਹੈ ਕਿ ਸਿਖ ਧਰਮ ਵਿਚ ਗੁਰਉਪਦੇਸ਼ ਦੇ ਰੋਜ਼-ਰੋਜ਼ ਦੁਹਰਾਣ ਨੂੰ, ਗੁਰਬਾਣੀ ਦੇ ਰੋਜ਼ਾਨਾ ਪਾਠ ਕਰਨ ਨੂੰ, ਆਪਣੇ ਆਪ ਵਿਚ ਪੂਰੀ ਗੱਲ ਸਮਝਿਆ ਜਾਣ ਲਗ ਪਿਆ ਹੈ।

ਗਿਆਨ ਭਾਵੇਂ ਬਿਜਲੀ ਦਾ ਹੋਵੇ ਭਾਵੇਂ ਆਤਮਾ ਦਾ, ਬਗੈਰ ਵਰਤੋਂ ਵਿਚ ਲਿਆਂਦੇ ਨਤੀਜਾ ਪੈਦਾ ਨਹੀਂ ਕਰਦਾ। ਜੇਕਰ ਬਿਜਲੀ ਦੇ ਅਸੂਲਾਂ ਨੂੰ ਰੋਜ਼ਾਨਾ ਦੁਹਰਾਣ ਨਾਲ, ਬਿਜਲੀ ਦੀ ਪੁਸਤਕ ਨੂੰ ਰੋਜ਼ ਪੜ੍ਹਨ ਨਾਲ, ਪੜ੍ਹਨ ਵਾਲੇ ਦੇ ਘਰ ਵਿਚ ਰੌਸ਼ਨੀ ਨਹੀਂ ਹੋ ਸਕਦੀ ਤਾਂ ਸੁਖਮਨੀ ਸਾਹਿਬ ਦੇ, ਆਸਾ ਜੀ ਦੀ ਵਾਰ ਦੇ ਕੇਵਲ ਪਾਠ ਕੀਤਿਆਂ ਉਹ ਨਤੀਜੇ ਪੈਦਾ ਨਹੀਂ ਹੋ ਸਕਦੇ, ਜਿਹੜੇ ਨਤੀਜੇ ਸਿਖ ਦੇ ਜੀਵਨ ਵਿਚ ਪੈਦਾ ਕਰਨ ਦਾ ਗੁਰੂ ਨਾਨਕ ਦੇਵ ਜੀ ਦੀ ਤਾਲੀਮ ਦਾ ਦਾਅਵਾ ਹੈ।

ਗੁਰੂ ਨਾਨਕ ਸਾਹਿਬ ਦੀ ਤਾਲੀਮ ਦਾ ਦਾਅਵਾ ਹੈ ਕਿ ਉਸ ਨੂੰ ਸਮਝ ਕੇ ਕਮਾਉਣ ਜਾਂ ਵਰਤੋਂ ਵਿਚ ਲਿਆਉਣ ਵਾਲੇ ਪੁਰਸ਼ਾਂ ਦੇ ਜੀਵਨ ਵਿਚ ਡਰ, ਚਿੰਤਾ, ਰੋਗ, ਬੀਮਾਰੀ, ਸੰਤਾਪ, ਥੋੜ, ਗਰੀਬੀ, ਪਾਪ ਤੇ ਮੌਤ ਲਈ ਕੋਈ ਜਗ੍ਹਾ ਨਹੀਂ ਰਹੇਗੀ ਅਤੇ ਨਿਰਭੈਤਾ, ਬੇ-ਫਿਕਰੀ, ਸਿਹਤ, ਸ਼ਕਤੀ, ਖੁਸ਼ੀ, ਬੇ-ਮੁਥਾਜੀ, ਅਮੀਰੀ, ਸਦੀਵੀ ਜ਼ਿੰਦਗੀ ਅਤੇ ਹੋਰ ਅਨੇਕਾਂ ਬਰਕਤਾਂ ਠਾਠਾਂ ਮਾਰਨਗੀਆਂ। ਪਰ ਦੇਖਿਆ ਇਹ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਦੇ ਸਿਖਾਂ ਦੇ ਘਰ ਵਿਚ ਆਮ ਤੌਰ ਤੇ ਉਹ ਨਤੀਜੇ ਪੈਦਾ ਨਹੀਂ ਹੋ ਰਹੇ, ਜਿਨ੍ਹਾਂ ਦਾ ਇਕਰਾਰ ਗੁਰੂ ਨਾਨਕ ਦੇਵ ਜੀ ਦੀ ਤਾਲੀਮ ਕਰਦੀ ਹੈ। ਇਸ ਦਾ ਕੀ ਕਾਰਨ ਹੈ? ਦੀਰਘ ਵਿਚਾਰ ਕੀਤਿਆਂ ਸਾਨੂੰ ਅਫਸੋਸ ਨਾਲ ਇਸ ਨਤੀਜੇ ਤੇ ਅਪੜਨਾ ਪਵੇਗਾ ਕਿ ਸਿਖਾਂ ਵਿਚ ਗੁਰੂ ਨਾਨਕ ਦੇਵ ਜੀ ਦੀ ਤਾਲੀਮ ਜਾਂ ਗੁਰੂ ਨਾਨਕ ਦੇਵ ਜੀ ਦੇ ਆਤਮ-ਗਿਆਨ ਦੀ ਇੱਜ਼ਤ ਤਾਂ ਹੈ, ਇਸ

ਗਿਆਨ ਦਾ ਰੋਜ਼ਾਨਾ ਪਾਠ ਤਾਂ ਹੁੰਦਾ ਹੈ, ਪਰ ਇਸ ਗਿਆਨ ਦੀ ਉਹ ਵਰਤੋਂ ਨਹੀਂ, ਜਿਹੜੀ ਵਰਤੋਂ ਕਿ ਕਿ ਗਿਆਨ ਤੋਂ ਨਤੀਜੇ ਪੈਦਾ ਕਰਵਾਇਆ ਕਰਦੀ ਹੈ।

ਗੁਰੂ ਨਾਨਕ ਸਾਹਿਬ ਵਲੋਂ ਸੰਸਾਰ ਨੂੰ ਦਿਤੇ ਗਏ ਆਤਮ-ਗਿਆਨ ਦੀ ਇੱਜ਼ਤ ਵੀ ਹੋਣੀ ਚਾਹੀਦੀ ਹੈ, ਇਸ ਗਿਆਨ ਦੇ ਰੋਜ਼ਾਨਾ ਪਾਠ ਵੀ ਹੋਣੇ ਚਾਹੀਦੇ ਹਨ, ਪਰ ਇੱਜ਼ਤ ਤੇ ਪਾਠਾਂ ਦੇ ਨਾਲ ਇਸ ਗਿਆਨ ਦੀ ਸਿਖ ਜੀਵਨ ਵਿਚ ਵਰਤੋਂ ਦਾ ਹੋਣਾ ਵੀ ਅਤੀ ਜ਼ਰੂਰੀ ਹੈ। ਸਿਖ ਕੌਮ ਦਾ ਪਿਛਲਾ ਸ਼ਾਨਦਾਰ ਇਤਿਹਾਸ ਗੁਰੂ ਨਾਨਕ ਸਾਹਿਬ ਦੇ ਆਤਮ-ਗਿਆਨ ਦੀ ਸਹੀ ਵਰਤੋਂ ਦਾ ਨਤੀਜਾ ਸੀ। ਇਸ ਆਤਮ-ਗਿਆਨ ਨੂੰ ਕਮਾਣ ਨਾਲ, ਆਉਣ ਆਲੇ ਸਮੇਂ ਵਿਚ ਉਹ ਨਤੀਜੇ ਪੈਦਾ ਹੋ ਸਕਦੇ ਹਨ, ਜਿਨ੍ਹਾਂ ਦੇ ਸਾਹਮਣੇ ਸਿਖਾਂ ਦਾ ਪਿਛਲਾ ਇਤਿਹਾਸ ਇਕ ਅਰੰਭ ਜਾਂ ਮੁਢ ਹੀ ਨਜ਼ਰ ਆਵੇ।

ਗਿਆਨ ਦੀ ਇੱਜ਼ਤ ਤੇ ਸਤਿਕਾਰ ਕਰਨਾ ਜਾਂ ਗਿਆਨ ਦੀ ਪੂਜਾ ਕਰਨੀ ਕਿਉਂਕਿ ਆਸਾਨ ਹੈ, ਇਸ ਵਾਸਤੇ ਬਹੁਤੇ ਧਾਰਮਕ ਲੋਗ ਇੱਜ਼ਤ ਸਤਿਕਾਰ ਨੂੰ ਹੀ 'ਧਰਮ' ਸਮਝ ਲੈਂਦੇ ਹਨ। ਇਹ ਗਲਤੀ ਨਿਰੀ ਅਜਕਲ ਹੀ ਨਹੀਂ ਹੋ ਰਹੀ ਸਗੋਂ ਗੁਰੂ ਸਹਿਬ ਦੇ ਵੇਲੇ ਵੀ ਐਸੇ ਪੁਰਸ਼ ਮੌਜੂਦ ਸਨ ਜੇਹੜੇ ਗੁਰੂ-ਉਪਦੇਸ਼ ਦੇ ਨਿਰੇ ਸਤਿਕਾਰ ਨੂੰ, ਗੁਰੂ-ਉਪਦੇਸ਼ ਦੇ ਨਿਰੇ ਪਾਠਾਂ ਨੂੰ ਹੀ

ਗੁਰਸਿਖੀ ਸਮਝਣ ਦੀ ਭੁਲ ਕਰਦੇ ਸਨ। ਉਸੇ ਵੇਲੇ ਐਸੇ ਭੁਲੜ ਗੁਰਸਿਖਾਂ ਨੂੰ ਸੰਬੋਧਨ ਕਰ ਕੇ ਉਚਾਰਿਆ ਹੋਇਆ ਭਾਈ ਗੁਰਦਾਸ ਜੀ ਦਾ ਹੇਠ ਲਿਖਿਆ ਪ੍ਰਸਿਧ ਸਵੱਯਾ ਅਜ-ਕਲ ਦੇ ਭੁਲੜ ਗੁਰਸਿਖਾਂ ਨੂੰ ਵੀ ਹਲੂਣੇ ਦੇ ਦੇ ਕੇ ਸਮਝਾ ਰਿਹਾ ਹੈ—

ਪੂਛਤ ਪਥਕ ਤਹਿ ਮਾਰਗ ਨ ਧਰੈ ਪਗ,
ਪ੍ਰੀਤਮ ਕੈ ਦੇਸ ਕੈਸੇ ਬਾਤਨ ਸਿਉ ਜਾਈਐ।
ਪੂਛਤ ਹੈ ਬੈਦ ਖਾਤ ਔਖਦ ਨ ਸੰਜਮ ਸੈ,
ਕੈਸੇ ਮਿਟੈ ਰੋਗ ਸੁਖ ਸਹਿਜ ਸਮਾਈਐ।
ਪੂਛਤ ਸੁਹਾਗਨ ਕਰਮ ਹੈ ਦੁਹਾਗਨ ਕੈ,
ਰਿਦੈ ਵਿਭਚਾਰ ਕਤ ਸਿਹਜਾ ਬੁਲਾਈਐ।
ਗਾਏ ਸੁਨੇ ਆਂਖੇ ਮੀਚੇ ਪਾਈਐ ਨਾ ਪਰਮ ਪਦ,
ਗੁਰੂ ਉਪਦੇਸ ਗਹਿ ਜਉ ਲਉ ਨ ਕਮਾਈਐ।

ਜਿਵੇਂ ਨਿਰੇ ਰਸਤਾ ਪੁਛਣ ਨਾਲ ਪ੍ਰੀਤਮ ਦੇ ਦੇਸ਼ ਨਹੀਂ ਪਹੁੰਚ ਸਕੀਦਾ; ਜਿਵੇਂ ਨਿਰੀ ਦਵਾ ਪੁਛਣ ਨਾਲ , ਐਪਰ ਪਰਹੇਜ਼ ਨਾਲ ਦਵਾ ਨਾ ਵਰਤਣ ਨਾਲ, ਰੋਗ ਨਹੀਂ ਮਿਟ ਸਕਦਾ, ਜਿਵੇਂ ਸੁਹਾਗਣ ਤੋਂ ਪਤੀ ਵਸ ਕਰਨ ਦੀ ਜਾਚ ਪੁਛਣ ਐਪਰ ਕੰਮ ਵਿਭਚਾਰਨ ਦੇ ਕਰਨ ਨਾਲ ਪਤੀ ਵਸ ਨਹੀਂ ਹੋ ਸਕਦਾ, ਏਸੇ ਤਰ੍ਹਾਂ ਪਰਮਪਦ (ਪੂਰਨਤਾ) ਉਦੋਂ ਤਕ ਹਾਸਲ ਨਹੀਂ ਹੋ ਸਕਦੀ, ਜਦ ਤਕ ਗੁਰੂ ਉਪਦੇਸ਼ ਨੂੰ ਜੀਵਨ ਦੀ ਹਰ ਘਟਨਾ ਵਿਚ,

ਜੀਵਨ ਦੀ ਰੋਜ਼ਾਨਾ ਵਰਤੋਂ ਵਿਚ ਲਿਆ ਕੇ ਕਮਾਇਆ ਨਾ ਜਾਵੇ।

ਸੇਵਕ ਸਿਖ ਪੂਜਣ ਸਭਿ ਆਵਹਿ,
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ।
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ,
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰ ਮਾਨੀ।



ਸਚਖੰਡ ਵਾਸੀ ਸ. ਰਘਬੀਰ ਸਿੰਘ ਜੀ 'ਬੀਰ' (7 ਅਕਤੂਬਰ 1896 - 14 ਅਪ੍ਰੈਲ 1974) ਜਿਥੇ ਆਪਣੇ ਜੀਵਨ ਕਾਲ ਵਿੱਚ ਦੇਸ਼ ਵਿਦੇਸ਼ ਦੂਰ ਦੂਰ ਤਕ ਪੁਜ ਕੇ ਆਤਮ-ਖੋਜੀਆਂ ਨੂੰ ਆਤਮਾ-ਪਰਮਾਤਮਾ ਬਾਰੇ ਗੰਭੀਰ ਤੇ ਗੂੜ੍ਹ ਵਾਕਫ਼ੀ ਦਿਆ ਕਰਦੇ ਸਨ, ਉਥੇ ਉਹਨਾਂ ਨੇ ਆਪਣੀਆਂ ਲਿਖਤਾਂ ਰਾਹੀਂ ਉਹਨਾਂ ਲੋਕਾਂ ਨੂੰ ਵੀ 'ਗੁਰਮਤ ਗਾਡੀ ਰਾਹ' ਤੇ ਪਾਇਆ, ਜਿਹੜੇ ਕਿ ਉਹਨਾਂ ਦੇ ਦਰਸ਼ਨ ਨਹੀਂ ਕਰ ਸਕੇ। ਉਹਨਾਂ ਦੀ ਛੂਹ ਅੰਦਰ ਜੋ ਵੀ ਆਇਆ, ਉਹ ਨਿਹਾਲ ਹੋ ਕੇ ਗਿਆ। ਸੈਂਕੜੇ ਹੀ ਨਹੀਂ, ਹਜ਼ਾਰਾਂ ਵਿਅਕਤੀਆਂ ਨੂੰ 'ਬੀਰ' ਜੀ ਨੇ ਨਾਮ-ਰਸੀਆ ਬਣਾ ਕੇ ਉਹਨਾਂ ਨੂੰ ਇਕ ਨਵਾਂ ਜੀਵਨ ਦਿੱਤਾ।

ਸਾਡੀ ਰਾਇ ਵਿੱਚ ਉਤੋਂ ਗੁਰੂ ਗ੍ਰੰਥ ਸਾਹਿਬ ਦੀ ਇਤਨੀ ਇਜ਼ਤ ਤੇ ਵਿਚੋਂ ਉਸ ਦੇ ਉਪਦੇਸ਼ਾਂ ਤੋਂ ਇਤਨੀ ਬੇ-ਪ੍ਰਵਾਹੀ ਸਿਖ ਕੌਮ ਦੀ ਮੌਜੂਦਾ ਗਿਰਾਵਟ ਦਾ ਸਭ ਤੋਂ ਵਡਾ ਕਾਰਨ ਹੈ। (ਪੰਨਾ 3)

ਸਿਖਾਂ ਦੇ ਰਾਜਨੀਤਕ ਆਗੂਆਂ ਨੇ ਜਾਣਦਿਆਂ ਜਾਂ ਨਾ ਜਾਣਦਿਆਂ ਜਿਤਨਾ ਹੱਕ ਸਿਖ 'ਗ੍ਰੰਥੀ' ਜਾਂ ਪ੍ਰਚਾਰਕ ਦਾ ਮਾਰਿਆ ਹੈ, ਉਤਨਾ ਹੋਰ ਕਿਸੇ ਦਾ ਨਹੀਂ। (ਪੰਨਾ 7)

ਗੁਰਦੁਆਰੇ ਦੀਆਂ ਇੱਟਾਂ ਜਾਂ ਇਮਾਰਤ ਨੂੰ ਗੁਰੂ ਦੇ ਉਪਦੇਸ਼ਾਂ ਤੋਂ ਜ਼ਿਆਦਾ ਸਤਿਕਾਰ ਦੇਣਾ, ਗੁਰੂ ਅਤੇ ਗੁਰੂ ਦੇ ਉਪਦੇਸ਼ਾਂ ਨਾਲ ਬੇ-ਇਨਸਾਫ਼ੀ ਕਰਨੀ ਹੈ। (ਪੰਨਾ 26)

ਧਰਮ ਦੇ ਪ੍ਰਚਾਰਕਾਂ ਨੇ ਧਰਮ ਨੂੰ ਕੁਝ ਐਸੇ ਗਲਤ ਰੰਗ ਵਿੱਚ ਪੇਸ਼ ਕੀਤਾ ਹੈ ਕਿ ਆਮ ਲੋਕੀ ਧਰਮ ਨੂੰ ਕੋਈ ਮਰਨ ਤੋਂ ਪਿਛੋਂ ਕੰਮ ਆਉਣ ਵਾਲੀ ਅਤੇ ਅਗਲੀ ਦੁਨੀਆਂ ਦੀ ਚੀਜ਼ ਸਮਝਣ ਲਗ ਗਏ ਹਨ। (ਪੰਨਾ 57)

ਆਤਮ ਸਾਇੰਸ ਟ੍ਰਸਟ

A/1 ਕਾਲਿੰਦੀ ਕਾਲੋਨੀ, ਨਵੀਂ ਦਿੱਲੀ-110065